# ਅੰਮ੍ਰਿਤ ਕੀਰਤਨ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਜੁਲਾਈ 1999 • ਮੁੱਲ : 10 ਰੁਪਏ

# ਅੰਮ੍ਰਿਤ ਕੀਰਤਨ

ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ


ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ.ਐਚ.ਡੀ.

ਕਾਰਜਕਾਰੀ ਸੰਪਾਦਕ
ਡਾ. ਤ੍ਰਿਲੋਚਨ ਸਿੰਘ ਤਰਸੀ

ਸਹਿਯੋਗੀ
ਸ. ਹਰਭਜਨ ਸਿੰਘ ਚੋਪੜਾ
ਸ. ਜੋਤਿੰਦਰ ਸਿੰਘ ਸੋਹਲ
ਡਾ. ਕਰਨੈਲ ਸਿੰਘ ਸੋਮਲ
ਸ. ਉੱਤਮ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ
ਗੁਰਦੀਪ ਸਿੰਘ ਦੀਪ

ਲੇ ਆਊਟ
ਸੋਹਲ ਸਪੈਸ਼ਲਸ

ਸਰਪ੍ਰਸਤ
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ:)
1051, ਸੈਕਟਰ 27-ਬੀ, ਚੰਡੀਗੜ੍ਹ
ਫੋਨ : 650696


'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ, ਚੰਡੀਗੜ੍ਹ - 160 015
ਫੋਨ: 0172 - 772660



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।



ਅੰਕ 7 ◆ ਸਾਲ ਗਿਆਰਵਾਂ ◆ ਜੁਲਾਈ 1999



ਮਿਤ੍ਰ ਅਸਾਡੜੇ ਸੇਈ 2
ਕਰਉ ਬੇਨੰਤੀਆ 3
ਖਾਲਸਾਈ ਜੀਵਨ 4
ਭਗਵੰਤ ਸਿੰਘ ਦਲਾਵਰੀ
ਸ਼ਾਸ਼ਤ੍ਰੀ ਸੰਗੀਤ ਦੀ ਇੱਕ ਸੁਹਾਵਨੀ ਸ਼ੈਲੀ ਕਜਰੀ 10
ਡਾ. ਮਨਵਿੰਦਰ ਕੌਰ
ਭਾਈ ਗੁਰਬਚਨ ਸਿੰਘ ਪਟਨਾ ਸਾਹਿਬ ਵਾਲੇ 13
ਭਾਈ ਰਣਧੀਰ ਸਿੰਘ ਖਾਲਸਾ
ਅਜੋਕੇ ਸਮੇਂ ਵਿੱਚ ਖਾਲਸਾ ਪੰਥ ਦੀ ਤੀਜੀ-ਸ਼ਤਾਬਦੀ ਮਨਾਉਣ ਦੀ ਮਹੱਤਤਾ 15
ਜੈਸਮੀਨ ਕੌਰ ਢਿੱਲੋਂ
ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ 17
ਬਬਲੀ ਐਸ. ਸਿੰਘ
ਨਾਮ ਕੀ ਹੈ? 19
ਰਮੇਸ਼ ਸਿੰਘ
Congregation (Sangat) and Hymnal Music (Kirtan) in the perspective of Sikhism 21
Dr. Jagir Singh
Annual Day Function And Gurmat Samagam 28
Minstrel of The Spirit 29
Devyani Onial
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਇਕੱਤੀ ਰਾਗਾਂ ਦਾ ਗੁਲਦਸਤਾ 31
ਉਸਤਾਦ ਸੁਰਜੀਤ ਸਿੰਘ
ਗੁਰਮੁਖ ਢੂਢ ਢੂਢੇਦਿਆਂ (Free Matrimonial Service) 36


## ਚੰਦੇ ਦਾ ਵੇਰਵਾ

| | |
|---|---|
| **ਦੇਸ਼** | |
| ਇਕ ਕਾਪੀ | 10 ਰੁਪਏ |
| ਸਲਾਨਾ | 100 ਰੁਪਏ |
| ਜੀਵਨ ਮੈਂਬਰ (15 ਸਾਲ) | 1000 ਰੁਪਏ |
| **ਵਿਦੇਸ਼** | |
| ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

## ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁਪਏ |
| ਕਵਰ ਦੇ ਅੰਦਰਲੇ ਪੰਨੇ | 2000 ਰੁਪਏ |
| ਸਾਧਾਰਨ ਪੂਰਾ ਪੰਨਾ | 1000 ਰੁਪਏ |


ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਮਿਤ੍ਰ ਅਸਾਡੜੇ ਸੇਈ

★ 'ਅੰਮ੍ਰਿਤ ਕੀਰਤਨ' ਬਕਾਇਦਗੀ ਨਾਲ ਮਿਲ ਰਿਹਾ ਹੈ। ਰਾਗਾਂ ਦੀ ਮੈਨੂੰ ਬਿਲਕੁਲ ਕੋਈ ਸਮਝ ਨਹੀਂ। ਪਰ ਜੇ ਕੋਈ ਰਾਗੀ ਬੇਸੁਰਾ ਹੋ ਜਾਏ ਤਾਂ ਮੇਰੇ ਕੰਨ ਝਟ ਗਵਾਹੀ ਦੇ ਦੇਂਦੇ ਹਨ। ਇਹ ਸ਼ਾਇਦ ਇਸ ਕਰਕੇ ਹੈ ਕਿ ਮੈਨੂੰ ਗੁਰਬਾਣੀ ਕੀਰਤਨ ਚੰਗਾ ਲਗਦਾ ਹੈ। ਫਜ਼ੂਲ ਜਿਹੀਆਂ ਮਨਘੜਤ ਸਾਖੀਆਂ ਸੁਣਾਉਣ ਵਾਲੇ ਰਾਗੀ ਤੇ ਪ੍ਰਚਾਰਕ ਮੈਨੂੰ ਬਿਲਕੁਲ ਪਸੰਦ ਨਹੀਂ। ਕਈਆਂ ਨੇ ਤਾਂ ਗੁਰੂ ਸਾਹਿਬਾਨ ਨੂੰ ਮਦਾਰੀ ਬਣਾ ਦਿੱਤਾ ਹੁੰਦਾ ਹੈ। ਹਿੰਦੂ ਧਰਮ ਦੇ ਮਿਥਿਹਾਸ ਨੂੰ ਉਹ ਗੁਰੂ ਸਾਹਿਬ ਨਾਲ ਜੋੜੀ ਜਾਂਦੇ ਹਨ। ਅੱਜ ਸਾਨੂੰ ਵਿਦਵਾਨ ਪ੍ਰਚਾਰਕਾਂ ਦੀ ਲੋੜ ਹੈ। ਸ੍ਰ. ਜਗਜੀਤ ਸਿੰਘ ਜਾਜੇਵਾਲ ਦਾ ਲੇਖ 'ਰਬ ਨੇ ਜਿਸ ਨੂੰ ਚੁਣਿਆ' ਬੜਾ Thought Provoking ਹੈ। ਸਿੱਖ ਲੀਡਰਾਂ ਲਈ ਇਹ ਇੱਕ ਵੰਗਾਰ ਹੈ। ਸਾਡੇ ਇਥੇ ਜਿਹੜੇ ਗੁਣੀ ਗਿਆਨੀ ਆਉਂਦੇ ਹਨ ਉਹਨਾਂ ਵਿਚੋਂ ਬਹੁਤਿਆ ਨੂੰ ਨਾ ਤਾਂ ਸਿਖ ਇਤਿਹਾਸ ਦਾ ਪਤਾ ਹੈ ਤੇ ਨਾ ਹੀ ਗੁਰਬਾਣੀ ਦੀ ਕੋਈ ਸੋਝੀ ਹੈ। ਸਿੱਖ ਕੌਮ ਦੀ ਇਹ Tragedy ਹੈ।

*ਗੁਰਮੁਖ ਸਿੰਘ ਕੋਹਲੀ/ ਕੁਵੈਂਟਰੀ, ਯੂ.ਕੇ.*

★ 'ਅੰਮ੍ਰਿਤ ਕੀਰਤਨ' ਦਾ ਮਈ ਅੰਕ ਗੁਰਬਾਣੀ ਕੀਰਤਨ ਰਾਗ ਅਤੇ ਮਰਯਾਦਾ ਬਾਰੇ ਬਹੁਤ ਹੀ ਡੂੰਘੀ ਜਾਣਕਾਰੀ ਦਿੰਦਾ ਹੈ। ਪ੍ਰਿੰਸੀਪਲ ਹਰਿਭਜਨ ਸਿੰਘ ਹੋਰਾਂ ਦਾ ਲੇਖ 'ਕੀਰਤਨ ਦਾ ਸਰੂਪ ਤੇ ਸਥਾਨ' ਕਮਾਲ ਦਾ ਲੇਖ ਹੈ। ਆਪ ਨੇ ਬੜੀ ਡੂੰਘੀ ਖੋਜ ਕਰਕੇ ਅਥਾਹ ਸਮੁੰਦਰ ਵਿਚੋਂ ਸੁੱਚੇ ਮੋਤੀ ਕੱਢ ਕੇ ਸਾਡੇ ਅੱਗੇ ਰੱਖ ਦਿੱਤੇ ਹਨ। ਇਸ ਲੇਖ ਤੋਂ ਜੋ ਜਾਣਕਾਰੀ ਮਿਲੀ ਉਹ ਬੜੀ ਮਹੱਤਵਪੂਰਨ ਹੈ। ਵਾਰ ਵਾਰ ਪੜ੍ਹਨ ਨੂੰ ਦਿਲ ਕਰਦਾ ਹੈ ਅਤੇ ਹਰ ਵਾਰ ਹੀ ਇਹ ਨਵਾਂ ਪ੍ਰਭਾਵ ਪਾਉਂਦਾ ਹੈ। ਇਸ ਲੇਖ ਨੂੰ ਪੜ੍ਹਨ ਤੋਂ ਬਾਅਦ ਮੇਰੇ ਲਈ ਤਾਂ ਕੀਰਤਨ ਦੇ ਅਰਥ ਬੜੇ ਡੂੰਘੇ ਅਤੇ ਵਿਸ਼ਾਲ ਹੋ ਗਏ ਹਨ। ਪ੍ਰਿੰਸੀਪਲ ਸਾਹਿਬ ਨੇ ਸਾਜਾਂ ਬਾਰੇ ਵੀ ਜਾਣਕਾਰੀ ਦਿੱਤੀ ਹੈ। ਕੀਰਤਨ ਵਿੱਚ ਸਾਜ਼ ਕਿਵੇਂ ਵਜਣੇ ਚਾਹੀਦੇ ਹਨ। ਇਹ ਵੀ ਲੇਖ ਵਿੱਚ ਦਸਿਆ ਗਿਆ ਹੈ। ਸਿੱਖ ਜਗਤ ਪ੍ਰਿੰਸੀਪਲ ਸਾਹਿਬ ਦਾ ਅਜਿਹੇ ਲੇਖ ਲਿਖਣ ਲਈ ਸਦਾ ਰਿਣੀ ਰਹੇਗਾ।

ਭਾਈ ਗੋਪਾਲ ਸਿੰਘ ਜੀ ਬਾਰੇ ਲੇਖ ਵੀ ਬੜਾ ਸੋਹਣਾ ਜਾਣਕਾਰੀ ਭਰਪੂਰ ਹੈ। ਅਜਿਹੇ ਪ੍ਰਸਿੱਧ ਕੀਰਤਨੀਆਂ ਬਾਰੇ ਲੇਖ ਦਿੰਦੇ ਰਿਹਾ ਕਰੋ। ਇਸ ਨਾਲ ਸਾਡੀ ਨਵੀਂ ਪੀੜ੍ਹੀ ਮਹਾਨ ਕੀਰਤਨੀਆਂ ਬਾਰੇ ਜਾਣਕਾਰੀ ਪ੍ਰਾਪਤ ਕਰੇਗੀ। ਹੋ ਸਕੇ ਤਾਂ ਅਗਲੇ ਅੰਕਾਂ ਵਿੱਚ ਭਾਈ ਬਖਸ਼ੀਸ਼ ਸਿੰਘ ਤੇ ਭਾਈ ਤਖਤ ਸਿੰਘ ਬਾਰੇ ਵੀ ਲੇਖ ਲਿਖੋ।

ਆਪ ਨੇ 'ਕਰਉ ਬੇਨੰਤੀਆ' ਵਿੱਚ ਜਿਹੜੇ ਸ੍ਰ. ਗੁਰਵੰਤ ਸਿੰਘ ਜੀ ਦਾ ਜ਼ਿਕਰ ਕੀਤਾ ਹੈ ਉਹਨਾਂ ਦਾ ਨਾਂ ਅਸਲ ਵਿੱਚ ਸ੍ਰ. ਗੁਨਵੰਤ ਸਿੰਘ ਹੈ। ਆਪ ਰਿਟਾਇਰਡ ਕੈਪਟਨ ਹਵਾਈ ਜਹਾਜ਼ ਚਾਲਕ ਹਨ ਤੇ ਗੁਜਰਾਂਵਾਲਾ (ਪਾਕਿਸਤਾਨ) ਤੋਂ ਹਨ। ਆਪ ਨੇ ਸੰਪਾਦਕੀ ਵਿੱਚ ਠੀਕ ਹੀ ਲਿਖਿਆ ਹੈ ਕਿ ਸਾਜ਼ਾਂ ਨੂੰ ਸੁਰ ਕਰਨ ਨਾਲ ਸਰੋਤੇ ਦਾ ਮਨ ਵੀ ਸੁਰ ਵਿੱਚ ਹੁੰਦਾ ਹੈ।

ਹਰ ਲੇਖ ਆਪਣੇ ਆਪ ਵਿੱਚ ਨਿਵੇਕਲੀ ਤੇ ਭਾਵਪੂਰਤ ਜਾਣਕਾਰੀ ਦਿੰਦਾ ਹੈ। ਸੱਚ ਹੀ 'ਅੰਮ੍ਰਿਤ ਕੀਰਤਨ' ਦੇ ਹਰ ਪਾਠਕ ਨੂੰ ਇਸ ਵਿਚੋਂ ਕੁਝ ਨਾ ਕੁਝ ਜ਼ਰੂਰ ਮਿਲ ਜਾਂਦਾ ਹੈ। ਇਸ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ।

*ਟੀ. ਨਰਿੰਦਰਪਾਲ ਸਿੰਘ/ ਨਵੀਂ ਦਿੱਲੀ*

★ It is nice of Punjab Govt. to declare all victims (wounded/dead) of Op Vijay as war Heroes (though in stricter terms Op Vijay is not a war). Also The State Govt. is kind enough to raise grant-in-aid to the widows of solders to 2 lac from paltry Rs. 15,000 - 25,000.

Not withstanding the above gesture, it is too little done for too great a sacrifice. Any one can see that. The aim of such gestures should be to see the family settled and progressing as it would have when the war victim was alive. To that end we recommend the State/Central Govt. to undertake:

a) Issue of a MARTYRS identity card for the family & children guaranting:

i) Free Education to childern till graduation level.

ii) 50% concession on railway and other means of transport.

b) Job for the family or the childern, if grown up.

c) Allotment of a residential plot/accommodation if already not possessed by the family.

d) Honouring the family at various State/Public function from to time.

To my mind this is the least this grateful nation can do for the Defence personnel who lay down their lives while guarding such hostile and inhospitable frontiers of the Nation.

*A.S. Rattan/ Chandigarh*

# ਕਰਉ ਬੇਨੰਤੀਆ

## ਦੋਸ ਨ ਕਾਹੂ ਦੀਜੀਐ

ਜਦੋਂ ਅਸੀਂ ਕਿਸੇ ਦੀ ਗਲਤੀ ਦਸਣ ਲਈ ਉਸ ਵੱਲ ਉਂਗਲੀ ਕਰਦੇ ਹਾਂ ਤਾਂ ਸਾਡੇ ਹੱਥ ਆਪਣੇ ਵੱਲ ਸੇਧਿਤ ਹੁੰਦੀਆਂ ਹਨ। ਇਸ ਦਾ ਭਾਵ ਇਹ ਲੈਣਾ ਚਾਹੀਦਾ ਹੈ ਕਿ ਅਸੀਂ ਕੌਣ ਹਾਂ ਕਿਸੇ ਦੂਜੇ ਦੇ ਔਗੁਣ ਚਿਤਾਰਨ ਵਾਲੇ, ਸਾਡੇ ਆਪਣੇ ਵਿੱਚ ਪਹਿਲਾਂ ਹੀ ਤਿੰਨ ਗੁਣਾਂ ਵੱਧ ਔਗੁਣ ਹਨ। ਇਸ ਲਈ ਸਿਆਣੇ ਲੋਕ ਕਿਸੇ ਦੇ ਔਗੁਣ ਨਹੀਂ ਚਿਤਾਰਦੇ। ਗੁਰਬਾਣੀ ਤਾਂ ਗੁਣਾਂ ਦੀ ਸਾਂਝ ਕਰਨ ਦੀ ਗੱਲ ਕਰਦੀ ਹੈ।

ਸਾਂਝ ਕਰੀਜੈ ਗੁਣਾ ਕੇਰੀ
ਛੋਡ ਆਉਗੁਣ ਚਲੀਐ।

ਦੂਜੇ ਦੇ ਦੋਸ ਦੱਸਣ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ।

ਫਰੀਦਾ ਜੇ ਤੂ ਅਕਲ ਲਤੀਫ
ਕਾਲੇ ਲਿਖ ਨ ਲੇਖ।
ਆਪਨੜੇ ਗਿਰਿਵਾਨ ਮਹਿ
ਸਿਰ ਨੀਵਾ ਕਰ ਦੇਖ।

ਅੱਜਕਲ ਅਖਬਾਰਾਂ ਵਿਚ ਸਾਡੇ ਵੱਡੇ ਵੱਡੇ ਲੀਡਰ ਇੱਕ ਦੂਜੇ ਦੇ ਦੋਸ਼ਾਂ ਦੀ ਗੱਲ ਆਮ ਕਰਦੇ ਹਨ। ਮੇਰੇ ਜਿਹਾ ਅਲਪ ਬੁੱਧੀ ਜੋ ਇਹਨਾਂ ਨੂੰ ਆਪਣੇ ਨਾਲੋਂ ਸਿਆਣੇ ਸਮਝਦਾ ਹੈ ਉਹ ਸੋਚਦਾ ਹਾਂ ਕਿ ਇਹ ਦੋਵੇਂ ਹੀ ਸਿਆਣੇ ਹਨ ਠੀਕ ਹੀ ਗੱਲ ਕਰਦੇ ਹੋਣਗੇ। ਜੇ ਇਹਨਾਂ ਦੀ ਗੱਲ ਮਨ ਲਈਏ ਤਾਂ ਇਹ ਸਾਰੇ ਹੀ ਗਲਤ ਹੋ ਜਾਂਦੇ ਹਨ ਕਿਉਂਕਿ ਇਹ ਆਪ ਇੱਕ ਦੂਜੇ ਨੂੰ ਗਲਤ ਕਹਿੰਦੇ ਹਨ। ਦੂਸ਼ਣੋ-ਦੂਸ਼ਣੀ ਹੋਣਾ ਸਤਿਕਾਰ ਘਟਾਉਂਦਾ ਹੈ ਇਸ ਕਰਕੇ ਗੁਰਬਾਣੀ ਵਿੱਚ ਥਾਂ-ਪਰ-ਥਾਂ ਦੋਸ਼ ਨਾ ਕਢਣ ਦਾ ਉਪਦੇਸ਼ ਦਿੱਤਾ ਹੋਇਆ ਹੈ।

ਦਦੈ ਦੋਸ ਨ ਦੇਉ ਕਿਸੈ
ਦੋਸ ਕਰੰਮਾ ਆਪਣਿਆ।

ਸਾਡੇ ਆਪਣੇ ਕਰਮਾਂ ਕਰਕੇ ਲੋਕ ਸਾਡੇ ਨਾਲ ਬਦਸਲੂਕੀ ਕਰਦੇ ਹਨ ਇਸ ਕਰਕੇ ਉਹਨਾਂ ਨੂੰ ਦੋਸ਼ੀ ਨਹੀਂ ਠਹਿਰਾਉਣਾ ਚਾਹੀਦਾ ਹੈ। ਗੁਰਬਾਣੀ ਅਨੁਸਾਰ ਤਾਂ ਕੋਈ ਬੁਰਾ ਹੈ ਹੀ ਨਹੀਂ।

ਜੀਅ ਜੰਤ ਸਭ ਤਿਸ ਦੇ ਸਭਨਾ ਕਾ ਸੋਈ।
ਮੰਦਾ ਕਿਸ ਕੋ ਆਖੀਐ ਜੇ ਦੂਜਾ ਹੋਈ।
ਹਮ ਨਹੀਂ ਚੰਗੇ ਬੁਰਾ ਨਹੀਂ ਕੋਇ।
ਪ੍ਰਣਵਤ ਨਾਨਕ ਤਾਰੇ ਸੋਇ।
ਸਭ ਅੰਤਰਜਾਮੀ ਬ੍ਰਹਮ ਹੈ ਬ੍ਰਹਮ ਵਸੈ ਸਭਥਾਇ।
ਮੰਦਾ ਕਿਸ ਕੋ ਆਖੀਐ ਸਬਦ ਵੇਖਹੁ ਲਿਵ ਲਾਇ।
ਬੁਰਾ ਭਲਾ ਤਿਚਰ ਆਖਦਾ ਜਿਚਰ ਹੈ ਦੁਹੁ ਮਾਹਿ।
ਗੁਰਮੁਖ ਏਕੋ ਬੁਝਿਆ ਏਕਸ ਮਾਹਿ ਸਮਾਹਿ।

ਇਸ ਕਰਕੇ ਕਿਸੇ ਦਾ ਬੁਰਾ ਚਿਤਵਣਾ ਹੀ ਠੀਕ ਨਹੀਂ ਗੁਰਬਾਣੀ ਦਾ ਫੁਰਮਾਨ ਹੈ:

ਪਰ ਕਾ ਬੁਰਾ ਨ ਰਾਖਹੁ ਚੀਤ।
ਤੁਮ ਕਉ ਦੁਖ ਨਹੀਂ ਭਾਈ ਮੀਤ।

ਫਰੀਦ ਜੀ ਤਾਂ ਬੁਰੇ ਨੂੰ ਬੁਰਾ ਕਹਿਣਾ ਉਚਿਤ ਨਹੀਂ ਸਮਝਦੇ ਸਗੋਂ ਉਸ ਦਾ ਭਲਾ ਕਰਨ ਦਾ ਉਪਦੇਸ਼ ਦਿੰਦੇ ਹਨ।

ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨ ਹਢਾਇ।
ਦੇਹੀ ਰੋਗ ਨ ਲਗਈ ਪਲੈ ਸਭ ਕਿਛ ਪਾਇ।

ਭਾਈ ਗੁਰਦਾਸ ਜੀ ਬੁਰੇ ਦਾ ਭਲਾ ਕਰਨ ਵਾਲਿਆਂ ਬਾਰੇ ਉਦਾਹਰਨਾਂ ਸਹਿਤ ਸਮਝਾਉਂਦੇ ਹਨ:

ਬੁਰੇ ਕਰਨ ਬੁਰਿਆਈਆਂ ਭਲਿਆਈ ਭਲਿਆ।
ਅਵਗੁਣ ਕੀਤੇ ਗੁਣ ਕਰਨਿ ਜਗਿ ਸਾਧ ਵਿਰਲਿਆ।

ਭਾਈ ਸਾਹਿਬ ਛਬੀਵੀਂ ਵਾਰ ਦੀ ਗਿਆਰਵੀਂ ਪਾਉੜੀ ਵਿੱਚ ਰੁੱਖ ਦੀ ਮਿਸਾਲ ਦੇ ਕੇ ਸਮਝਾਉਂਦੇ ਹਨ:

ਅਉਗਣ ਕੀਤੇ ਗੁਣ ਕਰੇ
ਸਹਜਿ ਸੁਭਾਉ ਤਰੋਵਰ ਹੰਦਾ।
ਵਢਣਵਾਲਾ ਛਾਉ ਬਹਿ
ਚੰਗੇ ਦਾ ਮੰਦਾ ਚਿਤਵੰਦਾ।
ਫਲ ਦੇ ਵਟ ਵਗਾਇਆਂ
ਵਢਣ ਵਾਲੇ ਤਾਰ ਤਰੰਦਾ।

ਔਗੁਣ ਨਾ ਚਿਤਾਰਨੇ ਅਤੇ ਬੁਰੇ ਦਾ ਭਲਾ ਕਰਨਾ ਇਹ ਬੜੇ ਔਖੇ ਗੁਣ ਹਨ। ਪਰ ਇਹਨਾਂ ਨੂੰ ਧਾਰਨ ਕਰਨ ਦਾ ਯਤਨ ਕਰਨ ਚਾਹੀਦਾ ਹੈ। ਇਸ ਨਾਲ ਸਾਡੇ ਦੁਖ ਦੂਰ ਹੋਣਗੇ ਅਤੇ ਦੇਹੀ ਨੂੰ ਰੋਗ ਨਹੀਂ ਲੱਗੇਗਾ।

ਗੁਰੂ ਰਾਖਾ

# ਖਾਲਸਾਈ ਜੀਵਨ

*(ਮੂਲ ਅੰਗਰੇਜ਼ੀ ਰੂਪ ਦਾ ਪੰਜਾਬੀ ਰੂਪਾਂਤਰ)*

**ਭਗਵੰਤ ਸਿੰਘ ਦਲਾਵਰੀ ***

ਖਾਲਸਾਈ ਜੀਵਨ, ਸਿਖ ਗੁਰੂ ਸਾਹਿਬਾਨ ਦੁਆਰਾ 200 ਸਾਲਾਂ ਤੋਂ ਵਧ ਦਰਸਾਈ ਤੇ ਆਪਣੀ ਜਿੰਦਗੀ ਵਿਚ ਢਾਲੀ ਜੀਵਨ ਜਾਚ, ਦੀ ਉਪਜ ਹੈ ਜੋ ਸਾਰੀ ਮਨੁੱਖਤਾ ਦੇ ਭਲੇ ਲਈ ਹੈ ਕੇਵਲ ਸਿੱਖਾਂ ਲਈ ਨਹੀਂ ਮੇਰੀ ਸਨਿਮ੍ਰ ਰਾਇ ਵਿਚ, ਇਸ ਨਾਮ ਅਧਾਰਿਤ ਮਨੁੱਖੀ ਜੀਵਨ ਜਾਚ ਦੇ ਜਨਮਦਾਤਾ-ਗੁਰੂ ਨਾਨਕ ਨੇ ਸਾਰੀ ਮਨੁੱਖਤਾ ਲਈ ਇਕ ਸਾਂਝਾ ਰਾਹ ਬਨਾਣ ਦਾ ਫੈਸਲਾ ਕੀਤਾ ਜਿਸ ਤੇ ਹਰ ਕੋਈ ਖੁਸ਼ੀ ਨਾਲ ਚਲ ਸਕਦਾ ਹੈ ਆਪਣੇ ਭਲੇ ਲਈ ਤੇ ਸਾਰਿਆਂ ਦੇ ਭਲੇ ਲਈ। ਮਨੁੱਖੀ ਵਿਕਾਸ ਲਈ ਮਾਰਗ, ਸਮਾਜ ਦੀ ਭਲਾਈ ਦੇ ਔਜਾਰ ਤੇ ਦ੍ਰਿੜਤਾ ਤੇ ਮਨੁੱਖੀ ਬਰਾਬਰੀ ਲਈ ਜਦੋਜਹਿਦ ਕਰਨ ਦੀ ਤਾਕਤ, ਇਹ ਸਾਰਾ ਕੁਝ ਪੱਕਾ ਤੇ ਪੂਰਨ ਤਿਆਰ ਕੀਤਾ ਸੀ ਪਹਿਲੇ ਨੌ ਗੁਰੂ ਸਾਹਿਬਾਨਾਂ ਨੇ, ਪਰ ਇਹ ਗੁਰੂ ਗੋਬਿੰਦ ਸਿੰਘ ਦੇ ਜਿੰਮੇ ਆਇਆ ਕਿ ਉਹ ਇਕ ਆਦਰਸ਼ ਨਮੂਨਾ ਬਣ ਕੇ, ਪਵਿਤ੍ਰ ਇਰਾਦਾ, ਸਮਾਜੀ ਭਲਾਈ ਦਾ ਵਾਇਦਾ, ਅਸੂਲਾਂ ਦੀ ਰਖਿਆ ਲਈ ਨਿਡਰਤਾ, ਜ਼ੁਲਮ ਦਾ ਟਾਕਰਾ ਤੇ ਮੌਤਰਹਿਤ ਜੀਵਨ, ਅਪਣੇ ਨਿਜੀ ਜੀਵਨ ਦੁਆਰਾ ਦਰਸਾਉਣ।

ਸਾਰੇ ਜਾਣਦੇ ਹਨ ਕਿ ਖਾਲਸਾ ਦਾ ਅਰਥ ਹੈ ਸ਼ੁਧ, ਪਰ ਅਫਸੋਸ ਇਹ ਹੈ ਕਿ ਜਿਨ੍ਹਾਂ ਦੀ ਇਹ ਜਿੰਮੇਵਾਰੀ ਸੀ ਕਿ ਉਹ ਅਪਣੇ ਜੀਵਨ ਰਾਹੀਂ ਐਸੇ ਖਾਲਸੇ ਦੇ ਗੁਣ ਪ੍ਰਗਟ ਕਰਦੇ, ਉਹ ਇਸ ਟੀਚੇ ਤੇ ਪੂਰਾ ਨਹੀਂ ਉਤਰ ਸਕੇ। ਖਾਸਲੇ ਦੀ ਸਿਰਜਨਾ ਦੀ 300 ਸਾਲਾ ਵਰ੍ਹੇਗੰਢ ਤੇ ਅਸੀਂ ਬਿਲਕੁਲ ਪੁਰਾਣੀਆਂ, ਸੁਆਰਥੀ ਰੁਚੀਆਂ ਮਗਰ ਲਗੇ ਹੋਏ ਹਾਂ। ਗੁਰੂ ਗੋਬਿੰਦ ਸਿੰਘ ਜੀ ਨੇ ਅਪਨੇ ਬਚਨਾਂ, ਕਰਮਾਂ ਤੇ ਬਲਿਦਾਨਾਂ ਦੁਆਰਾ, ਖਾਲਸੇ ਦਾ ਜੋ ਚਿਤ੍ਰ ਚਿਤਵਿਆ ਸੀ, ਉਹ ਸੀ ਪੂਰਨ ਸਮਰਪਣ, ਤੇ ਗੁਰੂ ਦੇ ਹੁਕਮ ਤੇ ਸਚ ਲਈ ਸ਼ਹੀਦ ਹੋਣ ਦਾ ਵਾਇਦਾ-ਜੋ ਪਹਿਲੇ ਪੰਜਾਂ ਪਿਆਰਿਆਂ ਨੇ ਨਿਭਾਇਆ ਸੀ।

ਇਹ ਸਭ ਨੂੰ ਪਤਾ ਹੈ ਕਿ ਪੰਜ ਪਿਆਰੇ ਉਸ ਠੋਸ ਪੰਥ ਦਾ ਧੁਰਾ ਸਨ, ਜੋ ਸੇਵਾ, ਸਿਮਰਨ, ਸਰਬੱਤ ਦਾ ਭਲਾ ਤੇ ਸੇਵਾ-ਕਾਰਜਾਂ ਲਈ ਸਮਰਪਿਤ ਨਿਸ਼ਕਾਮ ਜੀਵਨ ਜਾਚ ਸੀ। ਮੈਂ ਕੇਵਲ ਰਹਿਤਨਾਮਿਆਂ ਦੀ ਗਲ ਕਰਨ ਦੀ ਥਾਂ, ਅਪਣੇ ਗੁਰੂ ਸਾਹਿਬਾਨ, ਅਪਣੇ ਬਜ਼ੁਰਗਾਂ ਤੇ ਅਪਣੇ ਸਿਦਕੀ ਵੀਰਾਂ-ਭੈਣਾਂ ਦੀ ਕਥਨੀ, ਸੋਚਣੀ ਤੇ ਕਰਨੀ ਤੇ ਜੋਰ ਦੇਣਾ ਚਾਹੁੰਦਾ ਹਾਂ ਤਾਂ ਜੋ ਖਾਲਸੇ ਲਈ ਦਰਸਾਈ ਧਾਰਮਿਕਤਾ ਸਪਸ਼ਟ ਹੋ ਸਕੇ। ਸਭ ਤੋਂ ਪਹਿਲਾਂ ਮੇਰੇ ਅੰਦਰ ਨੌ ਸਾਲ ਦੇ ਉਸ ਬੱਚੇ ਦੀ ਤਸਵੀਰ ਉਭਰਦੀ ਹੈ, ਜੋ ਅਪਣੇ ਪਿਤਾ ਨੇੜੇ ਖੜਾ ਸੀ, ਜਦੋਂ ਔਰੰਗਜੇਬ ਦੇ ਜ਼ੁਲਮਾਂ ਤੋਂ ਅਪਣੇ ਧਰਮ ਦੀ ਰਖਿਆ ਦੀ ਫਰਿਆਦ ਲੈ ਕੇ ਕਸ਼ਮੀਰੀ ਬ੍ਰਾਹਮਣ ਉਸਦੇ ਪਿਤਾ ਦੇ ਦਰਬਾਰ ਵਿਚ ਆਏ ਸਨ। ਜਦੋਂ ਗੁਰੂ ਤੇਗਬਹਾਦੁਰ ਸਾਹਿਬ ਨੇ ਇਹ ਕਿਹਾ ਕਿ ਇਨ੍ਹਾਂ ਦੇ ਧਰਮ ਦੀ ਰਖਿਆ ਤਾਂ ਹੀ ਹੋ ਸਕਦੀ ਜੇਕਰ ਕੋਈ ਮਹਾਂਪੁਰਸ਼ ਆਪਣਾ ਬਲਿਦਾਨ ਦੇ ਸਕੇ। ਉਸ ਵੇਲੇ 9 ਸਾਲ ਦੇ ਗੋਬਿੰਦ (ਬਾਅਦ ਵਿਚ ਗੁਰੂ ਗੋਬਿੰਦ ਸਿੰਘ) ਨੇ ਖਾਲਸਾਈ ਸ਼ਾਨ ਨਾਲ ਭਰਪੂਰ ਇਕ ਸਵਾਲ ਉਛਾਲਿਆ "ਪਿਤਾ ਜੀ, ਆਪ ਤੋਂ ਵੱਡਾ ਮਹਾਤਮਾ ਕੌਣ ਹੈ ਜੋ-ਆਪਣੇ ਤੋਂ ਪਹਿਲਾਂ ਸੇਵਾ ਦੇ ਅਸੂਲ ਅਨੁਸਾਰ-ਇਨ੍ਹਾਂ ਦਾ ਧਰਮ ਬਚਾ ਸਕੇ। ਬਸ ਸਾਂਚਾ ਤਿਆਰ ਹੋ ਗਿਆ, ਜ਼ੁਲਮ ਨੂੰ ਠੱਲ ਪਾਉਣ ਲਈ, ਪੁੱਤਰ ਨੇ ਖੁਸ਼ੀ ਨਾਲ ਪਿਤਾ ਨੂੰ ਸ਼ਹੀਦ ਕਰਵਾ ਲਿਆ, ਤਾਂ ਜੋ ਹੋਰ ਕੋਈ ਬੱਚਾ ਅਨਾਥ ਨਾ ਹੋ ਸਕੇ। ਉਸਨੂੰ ਆਪਣੀ ਜਾਂ ਅਪਣੇ ਭਵਿਖ ਦੀ ਕੋਈ ਚਿੰਤਾ ਨਹੀਂ ਸੀ। ਇਹ ਸੀ ਖਾਲਸਾਈ ਜੀਵਨ, ਜੋ ਖਾਲਸੇ ਦੇ ਸਿਰਜਨਹਾਰ ਨੇ ਆਪਣੇ ਨਿਜੀ ਜੀਵਨ ਚੋਂ ਪ੍ਰਗਟਾਇਆ ਤੇ ਇਨ੍ਹਾਂ 300 ਸਾਲਾਂ ਅੰਦਰ ਇਹੀ ਖਾਲਸਾ ਜੀਵਨ ਦਾ ਉੱਚਾ ਨਿਸ਼ਾਨ ਰਿਹਾ ਹੈ।

ਅਖੌਤੀ ਧਰਮ ਨਾਲ ਧੁੰਦਲਾਏ, ਨਿਜੀ ਸੁਆਰਥਾਂ ਲਈ ਅੰਨੇ ਹੋਏ ਤੇ ਰਾਜ ਕਰਨ

* Tapovan, Amravati - 444602 (Maharashtra)

ਵਾਲਿਆਂ ਦੁਆਰਾ ਸਤਾਏ ਇਸ ਦੇਸ਼ ਦੇ ਲੋਕ, ਜ਼ੁਲਮ ਦਾ ਟਾਕਰਾ ਕਰਨ ਵਿਚ ਅਸਮਰਥ ਹਨ ਤੇ ਨਾ ਹੀ ਉਨ੍ਹਾਂ ਅੰਦਰ ਇਹ ਤਾਕਤ ਹੈ ਕਿ ਉਹ ਗਲੇ ਦੇ ਇਸ ਭਾਰ ਨੂੰ ਲਾਹ ਸਕਣ। ਝੂਠੀ ਧਾਰਮਕਤਾ ਨਾਲ ਤਾਕਤ ਨਹੀਂ ਆ ਸਕਦੀ ਤੇ ਸੁਆਰਥ ਪੂਰਨ, ਨਿਜੀ ਲਾਭ ਦੇ ਮਨਸੂਬਿਆਂ ਨਾਲ ਲੋਕਾਂ ਨੂੰ ਰਾਹ ਨਹੀਂ ਦਿਖਾਇਆ ਜਾ ਸਕਦਾ। ਸਮੇਂ ਦੀ ਲੋੜ ਅਨੁਸਾਰ, ਗੁਰੂ ਸਾਹਿਬਾਨ ਨੇ ਲੋਕਾਂ ਅੰਦਰ ਆਜਾਦੀ ਦਾ ਮਾਦਾ ਭਰਿਆ ਤਾਂ ਜੋ ਉਹ ਸੱਚ ਨੂੰ ਸੱਚ ਕਹਿ ਸਕਣ ਤੇ ਮੁਸ਼ਕਲਾਂ ਦੇ ਬਾਵਜੂਦ ਜ਼ੁਲਮ ਦਾ ਟਾਕਰਾ ਕਰ ਸਕਣ। ਗੁਰੂ ਅਰਜਨ ਤੇ ਗੁਰੂ ਗੋਬਿੰਦ ਜੀ ਨੇ ਸ਼ਹਾਦਤਾਂ ਦੇ ਦਿੱਤੀਆਂ ਪਰ ਕਦੇ ਵੀ ਅਪਣੇ ਅਸੂਲਾਂ-ਸਾਰੇ ਮਨੁੱਖ ਇਕ ਹਨ, ਸੱਚ ਇਕ ਹੈ, ਸਾਰੇ ਧਰਮ ਸਮਾਨ ਹਨ, ਸਾਰੇ ਪੂਜਾ ਅਸਥਾਨ ਇਕ ਹਨ-ਨਾਲ ਕਦੇ ਸਮਝੌਤਾ ਨਹੀਂ ਕੀਤਾ। ਬਾਹਰਲੇ ਕਰਮਕਾਂਡਾਂ ਤੇ ਝੂਠੀ ਧਾਰਮਕਤਾ ਤੋਂ ਪਰੇ, ਕੇਵਲ ਅੰਦਰਲੀ ਸੁਚਤਾ ਤੇ ਪੂਰਾ ਜੋਰ ਦਿੱਤਾ।

ਇਸ ਸਚ ਨੂੰ ਵਾਰ-ਵਾਰ ਦ੍ਰਿੜ ਕਰਾਇਆ ਕਿ ਉਨ੍ਹਾਂ ਦਾ ਸੰਦੇਸ਼ ਸਾਰੀ ਮਨੁੱਖਤਾ ਲਈ ਸੀ, ਕੇਵਲ ਸਿੱਖਾਂ ਲਈ ਨਹੀਂ, ਸਿੱਖਾਂ ਤੇ ਗੈਰ-ਸਿੱਖਾਂ ਅੰਦਰ ਕੋਈ ਭੇਦ ਨਹੀਂ ਕੀਤਾ-ਭਾਵੇਂ ਹਰਮੰਦਰ ਸਾਹਿਬ ਦੀ ਨੀਂਹ ਰਖਣ ਦਾ ਵੇਲਾ ਸੀ ਜਾਂ ਆਦਿ ਗ੍ਰੰਥ ਦੀ ਸੰਪਾਦਨਾ, ਉਨ੍ਹਾਂ ਸਰਬ ਸਾਂਝੀਵਾਲਤਾ ਦਾ ਅਸੂਲ ਸਰਵੋਤਮ ਰਖਿਆ ਤੇ ਕਿਸੇ ਖਾਸ ਧਾਰਮਕ ਲੇਬਲ (ਹਿੰਦੂ ਜਾਂ ਮੁਸਲਮਾਨ) ਨੂੰ ਤਰਜੀਹ ਨਹੀਂ ਦਿਤੀ। ਹਰਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਸੰਤ, ਹਜਰਤ ਮੀਆਂ ਮੀਰ ਤੋਂ ਰਖਵਾਈ ਤੇ ਆਦਿ ਗ੍ਰੰਥ ਵਿਚ, ਹਿੰਦੂ-ਮੁਸਲਿਮ, ਅਖੌਤੀ ਅਛੂਤ ਤੇ ਛੋਟੀ ਜਾਤ ਦੇ, ਭਗਤਾਂ-ਸੰਤਾਂ ਦੀ ਬਾਣੀ ਵੀ ਦਰਜ ਕੀਤੀ ਤੇ ਉਸ ਬਾਣੀ ਨੂੰ ਉਹੀ ਦਰਜਾ ਪ੍ਰਾਪਤ ਹੋਇਆ ਜੋ ਗੁਰੂਆਂ ਦੀ ਬਾਣੀ ਨੂੰ ਹੈ। ਗੁਰੂ ਸਾਹਿਬਾਨ ਨੇ ਇਹ ਦਰਸਾਇਆ ਕਿ ਜਨਮ-ਜਾਤ ਦੇ ਅਧਾਰ ਤੇ ਕੋਈ ਮਨੁੱਖ ਉੱਚਾ ਜਾਂ ਨੀਵਾਂ ਨਹੀਂ ਹੋ ਸਕਦਾ, ਉਸਦੇ ਕਰਮ ਹੀ ਉਸਨੂੰ ਉੱਚਾ ਜਾਂ ਨੀਵਾਂ ਬਣਾਂਦੇ ਹਨ। ਇਸ ਪ੍ਰਕਾਰ 1699 ਨੂੰ ਵਿਸਾਖੀ ਵਾਲੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਨਾ ਕੀਤੀ, ਤਾਂ ਖਾਲਸਾਈ ਜੀਵਨ ਦੀ ਸਥਾਪਨਾ ਹੋ ਚੁੱਕੀ ਸੀ ਤੇ ਜੋ ਪੰਜ ਪਿਆਰੇ ਸਾਹਮਣੇ ਆਏ ਉਨ੍ਹਾਂ ਅੰਦਰ ਅਖੌਤੀ ਨੀਚ ਜਾਤ ਵਾਲੇ ਵੀ ਸਨ। ਇਹ ਅਫਸੋਸ ਦੀ ਗਲ ਹੈ ਕਿ ਰਾਜ-ਪਾਟ ਦੇ ਲਾਲਚ ਤੇ ਹੁਕਮਰਾਨਾਂ ਦੇ ਡਰ ਨੇ, ਪਹਾੜੀ ਰਾਜਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੀ ਮਨੁੱਖਤਾ ਦੀ ਬਰਾਬਰੀ ਦੇ ਸਿਧਾਂਤ ਨੂੰ ਮੰਨਣੋਂ ਰੋਕਿਆ ਤੇ ਉਨਾਂ ਅਤਿਆਚਾਰੀ ਮੁਗਲ ਰਾਜ ਨਾਲ ਮਿਲ ਕੇ ਗੁਰੂ ਸਾਹਿਬ ਨਾਲ ਜੰਗਾਂ ਕੀਤੀਆਂ। ਗੁਰੂ ਜੀ ਨੇ ਖਾਲਸੇ ਅੰਦਰ ਵਖਰੇ-ਵਖਰੇ ਵਰਗ ਬਨਾਣ ਤੋਂ ਸਾਫ ਨਾਂਹ ਕਰ ਦਿਤੀ ਤੇ ਇਸ ਤਰ੍ਹਾਂ ਪਹਾੜੀ ਰਾਜੇ ਖਾਲਸਾ ਪੰਥ ਅੰਦਰ ਸ਼ਾਮਲ ਨਾ ਹੋਏ।

ਕਿਸੇ ਵੀ ਪੜਾਅ ਤੇ ਕਿਸੇ ਵੀ ਹਾਲਤ ਅੰਦਰ, ਗੁਰੂ ਸਾਹਿਬ ਨੇ ਪਖਪਾਤੀ ਰਵਈਆ ਨਹੀਂ ਅਪਣਾਇਆ-ਨਿਜੀ ਸੁਆਰਥ ਜਾਂ ਰਾਜ ਬਨਾਣ ਦੀ ਇੱਛਾ ਤਾਂ ਕਦੇ ਕੀਤੀ ਹੀ ਨਹੀਂ ਸੀ। ਗੁਰੂ ਜੀ ਨੇ ਨਿਮਾਣੇ ਤੇ ਲਤਾੜੇ ਜਾ ਰਹੇ ਲੋਕਾਂ ਦੀ ਬਾਂਹ ਪਕੜੀ ਤੇ ਰਾਜਸੀ ਜ਼ੁਲਮ ਵਿਰੁੱਧ ਸੰਘਰਸ਼ ਕੀਤਾ। ਇਸ ਸਚਾਈ ਤੋਂ ਸਾਰੇ ਵਾਕਫ ਹਨ ਕਿ ਸਿੱਖਾਂ ਨੂੰ ਭੈੜੇ ਆਖਣ ਵਾਲੇ ਮੁਸਲਿਮ ਇਤਿਹਾਸਕਾਰਾਂ ਨੇ ਵੀ ਸਿੱਖੀ ਕਿਰਦਾਰ, ਸਚ ਲਈ ਨਿਸ਼ਠਾ ਤੇ ਉਨ੍ਹਾਂ ਦੇ ਮਨੁੱਖੀ ਗੁਣਾਂ ਦੀ ਵਡਿਆਈ ਕੀਤੀ ਹੈ ਅਪਣੀਆਂ ਲਿਖਤਾਂ ਅੰਦਰ।

1699 ਦੀ ਵਿਸਾਖੀ ਤੇ, ਪੰਜਾਂ ਪਿਆਰਿਆਂ ਨੇ ਇਕੋ ਬਾਟੇ ਚੋਂ ਅੰਮ੍ਰਿਤ ਛਕ ਕੇ ਜਾਤ-ਪਾਤ ਦੇ ਵਿਤਕਰੇ ਦੇ ਖਾਤਮੇ ਤੇ ਮੁਹਰ ਲਗਾ ਦਿਤੀ, ਜਿਸਦੀ ਸ਼ੁਰੂਆਤ ਪਹਿਲੇ ਗੁਰੂ ਸਾਹਿਬਾਨ, ਸੰਗਤ ਤੇ ਪੰਗਤ ਰਾਂਹੀ ਕਰ-ਚੁੱਕੇ ਸਨ। ਹਰਮੰਦਰ ਸਾਹਿਬ ਦੇ ਚਾਰ ਦਰਵਾਜੇ, ਗੁਰਦੁਆਰਿਆਂ ਅੰਦਰ ਸੰਗਤ ਦਾ ਜੁੜਨਾ ਤੇ ਲੰਗਰ ਵਿਚ ਇਕੋ ਪੰਗਤ ਵਿਚ ਸਾਰਿਆਂ ਦਾ ਬੈਠਣਾ, ਇਹ ਪਰਤੀਤ ਹੈਨ ਕਿ ਸਿੱਖੀ ਵਿਚ ਜਾਤ-ਪਾਤ ਦੇ ਵਿਤਕਰੇ ਦੀ ਕੋਈ ਥਾਂ ਨਹੀਂ। ਰਾਜਾ ਤੇ ਭਿਖਾਰੀ, ਦੋਵੇਂ, ਸੰਗਤ ਤੇ ਪੰਗਤ ਅੰਦਰ ਨਾਲ ਨਾਲ ਬੈਠ ਕੇ ਕੀਰਤਨ ਦਾ

ਅਨੰਦ ਮਾਣਦੇ ਯਾ ਭੋਜਨ ਛਕਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਤੁਕਾਂ ਅੰਦਰ ਬੜੇ ਸੁੰਦਰ ਤਰੀਕੇ ਨਾਲ ਖਾਲਸਾਈ ਜੀਵਨ ਦਾ ਚਿਤ੍ਰਣ ਕੀਤਾ ਹੈ:

*ਪੂਰਨ ਜੋਤ ਜਗੈ ਘਟ ਮੈ,*
*ਤਬ ਖਾਲਸ ਤਾਹਿ ਨਖਾਸਲ ਜਾਨੈ॥*

ਦੂਜੇ ਸ਼ਬਦਾਂ ਵਿਚ, ਖਾਲਸੇ ਦੀ ਇਹ ਵਿਲਖਣਤਾ ਹੈ ਕਿ ਉਹ ਨਿਰੰਤਰ ਪ੍ਰਭੂ ਦੀ ਯਾਦ ਵਿਚ ਜੁੜਿਆ ਰਹਿੰਦਾ ਹੈ, ਐਸੇ ਖਾਲਸੇ ਨੂੰ, ਖਾਲਸੇ ਦੇ ਸਿਰਜਨਹਾਰ ਗੁਰੂ ਗੋਬਿੰਦ ਸਿੰਘ ਜੀ ਨੇ, ਨਾ ਕੇਵਲ ਆਪਣਾ ਗੁਰੂ ਕਿਹਾ ਹੈ, ਨਾਲ ਹੀ ਉਸ ਪਰ ਬਿਅੰਤ ਬਖਸ਼ਿਸ਼ਾਂ ਕੀਤੀਆਂ।

** ਖਾਲਸਾ ਮੇਰੋ ਰੂਪ ਹੈ ਖ਼ਾਸ॥*
*ਖਾਲਸੇ ਮਹਿ ਹੌ ਕਰੌਂ ਨਿਵਾਸ॥*
** ਵਾਹ ਵਾਹ ਗੋਬਿੰਦ ਸਿੰਘ*
*ਆਪੇ ਗੁਰੂ ਚੇਲਾ॥*

ਗੁਰੂ ਸਾਹਿਬ ਨੇ ਖਾਲਸੇ ਨੂੰ ਜੋ ਵਡਿਆਈ ਬਖਸ਼ੀ ਉਸਨੂੰ ਸਮਝਣ ਲਈ ਇਹ ਸਮਝਣਾ ਜਰੂਰੀ ਹੈ ਕਿ ਖਾਲਸੇ ਨੇ ਨਾ ਕੇਵਲ ਅਨੇਕਾਂ ਸ਼ਹੀਦੀਆਂ ਪ੍ਰਾਪਤ ਕੀਤੀਆਂ, ਮੌਤ ਨੂੰ ਡਰਾਣ ਵਾਲੇ ਜੌਹਰ ਵਿਖਾਏ, ਆਪਾ ਤਿਆਗ ਕੀਤਾ, ਵਰਨਾ ਨਾਲ ਹੀ ਹਰ ਮੁਸੀਬਤ ਦੇ ਬਾਵਜੂਦ, ਚੜ੍ਹਦੀ ਕਲਾ ਵਿਚ ਰਹਿ ਕੇ ਲੋਕ ਭਲਾਈ ਦੇ ਕੰਮ ਕੀਤੇ। ਅਸੀਂ ਬੜੇ ਪਿਆਰ ਤੇ ਸ਼ਰਧਾ ਨਾਲ ਉਨ੍ਹਾਂ ਬਜੁਰਗਾਂ ਨੂੰ ਯਾਦ ਕਰਦੇ ਹਾਂ ਜੋ ਆਰਿਆਂ ਨਾਲ ਚੀਰੇ ਗਏ, ਨੀਹਾਂ ਵਿਚ ਚੁਣੇ ਗਏ, ਜਿੰਦਾਂ ਜਲਾ ਦਿਤੇ ਗਏ, ਉਨ੍ਹਾਂ ਭੈਣਾਂ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਬੱਚਿਆਂ ਦੇ ਟੋਟੇ ਕਰਵਾ ਕੇ ਝੋਲੀਆਂ ਵਿਚ ਪੁਆਏ, ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਧਰਮ ਨਹੀਂ ਹਾਰਿਆ। ਖਾਲਸਾਈ ਜੀਵਨ ਦੀ ਮਿਸਾਲ ਹੈ ਉਹ ਬੱਚਾ ਜੋ ਬੰਦਾ ਬਹਾਦਰ ਦੀ ਸਿਖ ਫੌਜ ਨਾਲ ਪਕੜਿਆ ਗਿਆ ਸੀ ਜਦੋਂ ਇਹ ਕਹਿ ਕੇ ਉਸਨੂੰ ਛਡਣ ਲੱਗੇ ਕਿ ਤੇਰੀ ਮਾਂ ਨੇ ਤੇਰੀ ਰਿਹਾਈ ਦੀ ਅਰਜ਼ੀ ਪਾ ਕੇ ਬਾਦਸ਼ਾਹ ਤੋਂ ਮੁਆਫੀ ਮੰਜੂਰ ਕਰਾ ਲਈ ਹੈ, ਉਸ ਗਰਜਵੀਂ ਆਵਾਜ਼ ਵਿਚ ਕਿਹਾ, "ਮੇਰੀ ਮਾਂ ਤਾਂ ਝੂਠੀ ਹੈ, ਜੋ ਇਹ ਕਹਿੰਦੀ ਹੈ ਕਿ ਮੈਂ ਸਿੱਖ ਨਹੀਂ। ਮੈਂ ਸਿੱਖ ਹਾਂ ਤੇ ਆਪਣੇ ਭਰਾਵਾਂ ਵਾਂਗ ਹੀ ਸ਼ਹੀਦ ਹੋਵਾਂਗਾ।"

ਕਮਾਲ ਦੀ ਗੱਲ ਇਹ ਹੈ ਕਿ ਸਾਨੂੰ ਨਿਆਰਾ ਸਰੂਪ ਦੇ ਕੇ ਤੇ ਪੰਜਾਂ ਕਕਾਰਾਂ ਦੀ ਵਰਦੀ ਪੁਆ ਕੇ, ਪੰਜਾਂ ਚੋਰਾਂ-ਕਾਮ, ਕਰੋਧ, ਲੋਭ, ਮੋਹ, ਅਹੰਕਾਰ-ਤੇ ਨਿੰਦਾ, ਚੁਗਲੀ ਆਦਿ, ਨਾਲ ਲੜਾਈ ਕਰ ਕੇ ਛੁਟਕਾਰਾ ਪਾਣ ਦਾ ਪਾਠ ਪੜ੍ਹਾਇਆ ਗਿਆ। ਸਾਡੇ ਧਾਰਮਕ ਤੇ ਰਾਜਨੀਤਕ ਆਗੂਆਂ ਦਾ ਕੁਰਸੀ ਤੇ ਨਿਜੀ ਸੁਆਰਥ ਲਈ ਜੂਝਣਾ ਤੇ ਜਥੇਦਾਰ ਸਾਹਿਬਾਨਾਂ ਦਾ ਆਪਣੇ-ਆਪ ਨੂੰ ਠੀਕ ਸਾਬਤ ਕਰਨ ਲਈ ਇਕ-ਦੂਜੇ ਨਾਲ ਘੋਲ ਕਰਨਾ ਤਾਂ ਖਾਲਸਾਈ ਜੀਵਨ ਤੋਂ ਪੂਰੀ ਤਰ੍ਹਾਂ ਉਲਟ ਹੈ।

ਕੁਝ ਚੋਣਵੀਆਂ ਗੱਲਾਂ-ਖਾਲਸੇ ਨੇ ਕੀ ਕਰਨਾ ਹੈ ਤੇ ਕੀ ਨਹੀਂ ਕਰਨਾ-ਤੋਂ ਪਤਾ ਚਲੇਗਾ ਕਿ ਖਾਲਸਾ ਦੇ ਆਦਰਸ਼ ਕੀ ਹਨ, ਪਰ ਖਾਲਸੇ ਦੀ ਅਸਲੀਅਤ ਤਾਂ ਇਸ ਵਿਚ ਸੀ ਕਿ ਉਹ ਆਮ ਲੋਕਾਂ ਲਈ ਆਪਣਾ ਹੱਕ ਛੱਡੇਗਾ ਤੇ ਸਚ ਲਈ ਸ਼ਹੀਦ ਹੋ ਜਾਵੇਗਾ। ਸਾਨੂੰ ਇਹ ਸਿਖਾਇਆ ਗਿਆ ਕਿ ਫੋਕੀਆਂ ਗੱਲਾਂ ਨਹੀਂ ਕਰਨੀਆਂ, ਸਾਡੇ ਰੋਜ਼ਾਨਾ ਜੀਵਨ ਅੰਦਰੋਂ ਸਾਡੇ ਆਦਰਸ਼ ਪ੍ਰਗਟ ਹੋਣੇ ਚਾਹੀਦੇ ਹਨ। ਇਸੇ ਲਈ ਰਹਿਤਨਾਮਿਆਂ ਅੰਦਰ ਇਹ ਦ੍ਰਿੜ ਕਰਾਇਆ ਗਇਆ

*-ਖਾਲਸਾ ਕਦੇ ਕਿਸੇ ਭਰਮ-ਭੁਲੇਖੇ ਵਿਚ ਨਹੀਂ ਪੈਂਦਾ।*

*-ਖਾਲਸਾ ਬਾਹਰਲੇ ਭੇਖ ਤੇ ਕੂੜ ਤੋਂ ਮੁਕਤ ਹੁੰਦਾ ਹੈ।*

*-ਖਾਲਸਾ ਨਿੰਦਾ ਨਹੀਂ ਕਰਦਾ।*

*-ਖਾਲਸਾ ਸਦੈਵ ਸਚ ਲਈ ਜੂਝਣ ਨੂੰ ਤਿਆਰ ਹੈ।*

*-ਖਾਲਸਾ ਪਰਾਈ ਇਸਤ੍ਰੀ ਵਲ ਬੁਰੀ ਨਜਰ ਨਾਲ ਨਹੀਂ ਦੇਖਦਾ।*

*-ਖਾਲਸਾ ਨਾਮ ਸਿਮਰਨ ਵਿਚ ਲੀਨ ਰਹਿੰਦਾ ਹੈ।*

*-ਖਾਲਸਾ ਗੁਰੂ ਨਾਲ ਪਿਆਰ ਕਰਦਾ ਹੈ।*

*-ਖਾਲਸਾ ਗਰੀਬ ਦੀ ਰੱਖਿਆ ਕਰਦਾ ਹੈ।*

*-ਖਾਲਸਾ ਦੁਸ਼ਟ ਨੂੰ ਖਤਮ ਕਰਦਾ ਹੈ।*

*-ਖਾਲਸਾ ਅੰਮ੍ਰਿਤ ਪਾਨ ਕਰਦਾ ਤੇ*

ਬੜੇ ਪਿਆਰ ਨਾਲ ਪੰਜ ਕਕਾਰ ਧਾਰਨ ਕਰਦਾ ਹੈ।

-ਖਾਲਸਾ ਅੰਮ੍ਰਿਤ ਵੇਲੇ ਪ੍ਰਭੂ ਦੀ ਯਾਦ ਵਿਚ ਜੁੜਦਾ ਹੈ।

-ਖਾਲਸਾ ਊਚ, ਨੀਚ, ਗਰੀਬ-ਅਮੀਰ ਵਿਚ ਕੋਈ ਵਿਤਕਰਾ ਨਹੀਂ ਕਰਦਾ।

-ਖਾਲਸਾ ਵਿਆਹ ਤੋਂ ਬਗੈਰ ਸੰਭੋਗ (Sex) ਨਹੀਂ ਕਰਦਾ।

-ਖਾਲਸਾ ਕਦੇ ਲੋਕਾਂ ਨੂੰ ਨਹੀਂ ਸਤਾਂਦਾ।

-ਖਾਲਸਾ ਬੁਰੀ ਸੰਗਤ ਤੋਂ ਬਚ ਕੇ ਰਹਿੰਦਾ ਹੈ।

-ਖਾਲਸਾ ਝੂਠ ਨਹੀਂ ਬੋਲਦਾ।

ਜਾਹਿਰ ਹੈ, ਇਹ ਲਿਸਟ ਅਜੇ ਪੂਰੀ ਨਹੀਂ, ਫਿਰ ਵੀ ਗੁਰੂ ਦਾ ਫੁਰਮਾਨ ਯਾਦ ਰਖੀਏ।

*ਰਹਿਤ ਬਿਨਾਂ ਨਹਿ ਸਿੱਖ ਕਹਾਵੈ।*
*ਰਹਿਤ ਬਿਨਾਂ ਦਰ ਚੋਟਾਂ ਖਾਵੈ॥*

*ਰਹਿਣੀ ਰਹੈ ਸੋਈ ਸਿਖ ਮੇਰਾ।*
*ਓਹੁ ਠਾਕੁਰੁ ਮੈ ਉਸਕਾ ਚੇਰਾ॥*

ਖਾਲਸਾਈ ਜੀਵਨ ਦੀ ਸਿਖਰ ਵੇਖੋ, ਗੁਰੂ ਤੇ ਸਿਖ ਇਕ ਹੋ ਗਏ ਹਨ।

*"ਗੁਰੁ ਸਿਖੁ ਸਿਖੁ ਗੁਰੂ ਹੈ ਇਕੋ*
*ਗੁਰ ਓਪਦੇਸੁ ਚਲਾਏ"* ...

ਪੰਨਾ444

ਗੁਰੂ ਨੇ ਇਕ ਨਿਆਰਾ, ਪਰ ਮਾਡਰਨ ਤਰੀਕਾ ਪੇਸ਼ ਕੀਤਾ ਮਨੁੱਖ ਅੱਗੇ ਆਪਣੀ ਜਾਂਚ-ਪੜਤਾਲ ਕਰਨਾ ਦਾ। ਅੱਜ ਲੋਕ ਛੂਆਛਾਤ ਦੂਰ ਕਰਨ ਦੀ ਗਲ ਕਰਦੇ ਹਨ ਤੇ ਦੇਸ਼ ਵਿਚ ਲੋਕ ਆਯੁਕਤ - ਜੋ ਪ੍ਰਧਾਨ ਮੰਤਰੀ ਤਕ ਤੇ ਕੁੰਡਾ ਰਖ ਸਕੇ- ਦੀ ਬਹਾਲੀ ਦੀ ਚਰਚਾ ਹੋ ਰਹੀ ਹੈ, ਪਰ ਗੁਰੂ ਦਾ ਕਮਾਲ ਵੇਖੋ, ਆਪਣੀ ਬਣਾਈ ਰਚਨਾ-ਖਾਲਸਾ-ਅਗੇ ਅਪਣੀ ਮਰਜੀ ਨਾਲ ਖੁਦ ਹੀ ਪੇਸ਼ ਹੋ ਗਏ ਤੇ ਖਾਲਸੇ ਦੀ ਸਿਰਜਨਾ ਦੁਆਰਾ ਜਾਤ-ਪਾਤ ਦੀਆਂ ਸਾਰੀਆਂ ਵੰਡੀਆਂ ਦਾ ਨਾਸ ਕਰ ਦਿੱਤਾ। ਬੜੇ ਦੁਖ ਦੀ ਗਲ ਹੈ ਕਿ ਅਸਾਂ ਆਪਣੀ ਮੂਰਖਤਾ ਕਰਕੇ, ਅਪਣੇ ਹੰਕਾਰ ਦੇ ਗੁਲਾਮ ਬਣ ਕੇ ਗੁਰੂ ਦੇ ਪਾਕ ਨਾਂ ਨੂੰ ਦਾਗ ਲਾਇਆ ਹੈ- ਅਜ ਵੀਂ ਅਸੀਂ ਜਾਤ-ਪਾਤ ਦੇ ਸ਼ਿਕਾਰ ਹਾਂ ਤੇ ਸਰਬੱਤ ਦੇ ਭਲੇ ਦੀ ਥਾਂ ਨਿਜੀ ਵਡਿਆਈ ਤੇ ਕੁਰਸੀ ਦੀ ਹਵਸ ਵਿਚ ਗਲਤਾਨ ਹਾਂ।

ਇਹ ਯਾਦ ਰੱਖਣ ਦੀ ਲੋੜ ਹੈ ਕਿ ਜੇਕਰ ਇਕ ਪਾਸੇ ਗੁਰੂ ਸਾਹਿਬ ਨੇ ਖਾਲਸੇ ਨੂੰ ਬਿਅੰਤ ਵਡਿਆਈ ਬਖਸ਼ੀ ਉਥੇ ਨਾਲ ਹੀ ਇਹ ਇਸ਼ਾਰਾ ਵੀ ਕੀਤਾ ਕਿ ਮੇਰੀ ਰਹੁ-ਰੀਤ ਨੂੰ ਭੁਲਾਣ ਤੇ ਖਾਲਸਾ ਭਟਕ ਵੀ ਸਕਦਾ ਹੈ। ਇਹ ਕਿਤਨੇ ਦੁਖ ਦੀ ਗਲ ਹੈ ਕਿ, ਗੁਰੂ ਸਾਹਿਬ ਨੇ ਪਟਨਾ ਵਿਖੇ ਅਵਤਾਰ ਧਾਰਿਆ ਤੇ ਨਾਂਦੇੜ ਵਿਖੇ ਜੋਤੀ ਜੋਤ ਸਮਾਏ, ਪਰ ਇਨ੍ਹਾਂ ਦੁਹਾਂ ਤਖਤਾਂ ਦੀ ਮਰਯਾਦਾ ਪੰਜਾਬ ਅੰਦਰਲੇ ਬਾਕੀ ਤਿੰਨ ਤਖਤਾਂ ਤੋਂ ਵੱਖਰੀ ਹੈ ਅਤੇ ਇਹ ਸ਼ਰਮਨਾਕ ਨਹੀਂ ਕਿ ਸਾਡੇ ਅੰਦਰ ਅਜੇ ਵੀ ਜਾਤ-ਪਾਤ ਮੌਜੂਦ ਹੈ, ਇਤਨਾ ਹੀ ਕਾਫੀ ਨਹੀਂ, ਸਾਡੇ ਅਜਕਲ ਦੇ ਸਿੱਖ ਲੀਡਰਾਂ ਦੀਆਂ ਕਰਤੂਤਾਂ ਵੇਖੋ ਤੇ ਜਥੇਦਾਰਾਂ ਦੀਆਂ ਲੜਾਈਆਂ ਜਿਨ੍ਹਾਂ ਨੂੰ ਇਸ ਗਲ ਦਾ ਉੱਕਾ ਹੀ ਅਫਸੋਸ ਨਹੀਂ ਕਿ ਉਹ ਕੌਮ ਦਾ ਕਿਤਨਾ ਨੁਕਸਾਨ ਕਰ ਰਹੇ ਹਨ ਤੇ ਇਹ ਸਾਰਾ ਤਮਾਸ਼ਾ ਖਾਲਸੇ ਦੀ ਸਿਰਜਨਾ ਦੀ 300 ਵੀਂ ਵਰ੍ਹੇਗੰਢ- ਅਰਥਾਤ ਸਾਡੀ ਤਵਾਰੀਖ ਦੇ ਸਭ ਤੋਂ ਚਮਕਦੇ ਅਧਿਆਇ ਤੇ ਹਿੰਦੁਸਤਾਨ ਦੇ ਸਭ ਤੋਂ ਮਹਾਨ ਸਪੂਤ ਗੁਰੂ ਗੋਬਿੰਦ ਸਿੰਘ ਜਿਨ੍ਹਾਂ ਸਾਡੇ ਲਈ ਸਰਬੰਸ ਵਾਰਿਆ ਸੀ, ਦੀ ਯਾਦ- ਵਿਚ ਹੋ ਰਿਹਾ ਹੈ। ਇਸੇ ਲਈ ਗੁਰੂ ਸਾਹਿਬ ਨੇ ਚੇਤਾਵਨੀ ਦੇਂਦਿਆਂ ਕਿਹਾ ਸੀ:

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਓ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥*

ਪਰ, ਜੇ ਵਾਕਈ ਨਿਆਰਾ ਰਹੇ ਤਾਂ ਮੇਰਾ ਦਿਲ ਖਾਲਸੇ ਦੀ ਉਪਮਾ ਵਿਚ ਇਹ ਕਹਿੰਦਾ ਰਹੇਗਾ।

*ਖਾਲਸਾ ਮੇਰੋ ਮਿੱਤਰ ਸਥਾਈ॥*
*ਖਾਲਸਾ ਮਾਤ ਪਿਤਾ ਸੁਖਦਾਈ॥*
*ਖਾਲਸਾ ਮੇਰੀ ਜਾਤ ਅਰ ਪਤ॥*
*ਖਾਲਸਾ ਸੋ ਮਾ ਕੋ ਉਤਪਤ॥*

*ਖਾਲਸਾ ਮੇਰੋ ਭਵਨ ਭੰਡਾਰਾ॥*
*ਖਾਲਸੇ ਕਰ ਮੇਰੋ ਸਤਿਕਾਰਾ॥*
*ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*

ਖਾਲਸੇ ਪ੍ਰਤੀ ਆਪਣੇ ਪਿਆਰ ਦੀ ਡੂੰਘਾਈ ਉਨ੍ਹਾਂ ਇਹ ਕਹਿ ਕੇ ਉਜਾਗਰ ਕੀਤਾ:

* *ਯਾ ਮੈ ਰੰਚ ਨ ਮਿਥਿਆ ਭਾਖੀ॥*
*ਪਾਰਬ੍ਰਹਮ ਗੁਰ ਨਾਨਕ ਸਾਖੀ॥*

ਪਰ ਜਦੋਂ ਉਨ੍ਹਾਂ ਇਹ ਕਿਹਾ ਤਾਂ ਮਾਨੋ ਸਿਖਰ ਸੀ ਖਾਲਸੇ ਲਈ:

* *ਇਨ ਹੀ ਕ੍ਰਿਪਾ ਕੇ ਸਜੇ ਹਮ ਹੈਂ॥*
*ਨਹੀਂ ਮੋ ਸੇ ਗਰੀਬ ਕਰੋਰ ਪਰੇ॥*

ਉਨ੍ਹਾਂ ਜੋ ਧਾਰਮਕ ਕਦਰਾਂ-ਕੀਮਤਾਂ ਪੇਸ਼ ਕੀਤੀਆਂ ਉਹ ਸਭ ਤੋਂ ਉਪਰ ਹਨ ਤੇ ਖਾਲਸੇ ਕੋਲੋਂ ਸਭ ਤੋਂ ਉਚੀ ਅਧਿਆਤਮਕ ਆਸ ਦੀ ਮੰਗ ਕਰਦੀਆਂ ਹਨ:

* *ਆਤਮ ਰਸ ਜਿਹ ਜਾਨਹੀ॥*
*ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ॥*
*ਰੰਚਨ ਨਾਹਨ ਭੇਵ॥*

ਮੈਂ ਮੁੜ ਆਪਣੇ ਵਿਸ਼ੇ ਵਲ ਆਉਂਦਾ ਹਾਂ। ਗੁਰੂ ਗੋਬਿੰਦ ਸਿੰਘ-ਜੋ ਪਹਿਲੇ ਨੌਂ ਗੁਰੂਆਂ ਦੇ ਵਾਰਸ ਸਨ-ਦੀ ਸੁਚਤਾ ਖਾਲਸੇ ਨੂੰ ਪ੍ਰਾਪਤ ਹੋਈ ਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਬਖਸ਼ੀ ਗਈ, ਇਸ ਤੋਂ ਸਪਸ਼ਟ ਹੈ ਕਿ ਸਿੱਖੀ ਦੀ ਸਾਰੀ ਸੁਚਤਾ ਉਸ ਮਨੁੱਖ ਅੰਦਰੋਂ ਪ੍ਰਗਟ ਹੋਣੀ ਚਾਹੀਦੀ ਹੈ ਜੋ ਖੁਦ ਨੂੰ ਖਾਲਸਾ ਅਖਵਾਂਦਾ ਹੈ। ਗੁਰੂ ਗੋਬਿੰਦ ਸਿੰਘ ਅੰਦਰ ਸੁਚਤਾ ਅਰਥਾਤ ਖਾਲਸਾਈ ਜੀਵਨ ਲਈ ਜੋ ਤੜਪ ਸੀ, ਉਹ ਉਨ੍ਹਾਂ ਦੇ ਅਪਣੇ ਇਸ ਸ਼ਬਦ ਚੋਂ ਪ੍ਰਗਟ ਹੁੰਦੀ ਹੈ:

* *ਦੇਹ ਸਿਵਾ ਬਰ ਮੋਹਿ ਇਹੈ॥*
*ਸੁਭ ਕਰਮਨ ਤੇ ਕਬਹੂੰ ਨ ਟਰੋ॥*
*ਨ ਡਰੋਂ ਅਰਿ ਸੋ ਜਬ ਜਾਇ ਲਰੋਂ॥*
*ਨਿਸ਼ਚੈ ਕਰ ਅਪਨੀ ਜੀਤ ਕਰੋਂ॥*
*ਅਰੁ ਸਿਖ ਹੋ ਅਪਨੇ ਹੀ ਮਨ ਕੌ॥*
*ਇਹ ਲਾਲਚ ਹਉ ਗੁਨ ਤਉ ਉਚਰੋਂ॥*
*ਜਬ ਆਵ ਕੀ ਅਉਧ ਨਿਧਾਨ ਬਨੈ॥*
*ਅਤ ਹੀ ਰਨ ਮੈ ਤਬ ਜੂਝ ਮਰੋਂ॥*

ਇਹ ਲੇਖ ਸਮਾਪਤ ਕਰਨ ਤੋਂ ਪਹਿਲਾ ਮੈਂ ਇਕ ਗਲ ਬੜੇ ਜੋਰ ਨਾਲ ਕਹਿਣੀ ਚਾਹੁੰਦਾ ਹਾਂ ਕਿ ਖਾਲਸਾਈ ਜੀਵਨ ਜਾਚ, ਕਿਸੇ ਵੀ ਹੋਰ ਧਰਮ ਦੀ ਮਨੁੱਖੀ ਜੀਵਨ ਜਾਚ ਨਾਲੋਂ ਵਖਰੀ ਨਹੀਂ। ਪਰ ਖਾਲਸੇ ਦਾ ਕਮਾਲ ਇਹ ਹੈ ਕਿ ਉਹ ਸਾਰਿਆਂ ਦਾ ਹੈ ਬਸ਼ਰਤੇ ਉਹ ਗੁਰੂ ਗੋਬਿੰਦ ਸਿੰਘ ਦੁਆਰਾ ਦਰਸਾਏ ਮਾਰਗ ਤੇ ਚਲਦਾ ਹੈ। ਆਓ, ਗੁਰੂ ਸਾਹਿਬ ਦੀਆਂ ਹੇਠਲੀਆਂ ਦੋ ਗੱਲਾਂ ਨੋਟ ਕਰੀਏ:

* *ਦੇਹਰਾ ਮਸੀਤ ਸੋਈ॥*
*ਪੂਜਾ ਔ ਨਿਵਾਜ ਉਹੀ.......*

ਇਹ ਚੰਗੀ ਤਰ੍ਹਾਂ ਸਮਝ ਲਈਏ ਕਿ ਖਾਲਸੇ ਅੰਦਰ ਕਿਸੇ ਲਈ ਕੋਈ ਘਿਰਣਾ ਨਹੀਂ, ਨਾ ਹੀ ਸਿਖ ਧਰਮ ਕਿਸੇ ਨਾਲ ਘਿਰਣਾ ਦੀ ਇਜ਼ਾਜਤ ਦੇਂਦਾ ਹੈ। ਸਾਡੀ ਜੀਵਨ ਜਾਚ ਦੇ ਅਧਾਰ ਹਨ ਗੁਰੂ ਗ੍ਰੰਥ ਸਾਹਿਬ (ਤੇ ਇਹ ਗੁਰਗੱਦੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਦਿ ਗ੍ਰੰਥ ਨੂੰ ਬਖਸ਼ੀ ਸੀ), ਖਾਲਸਾਈ ਜੀਵਨ ਉਪਜਦਾ ਹੈ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਤੇ ਜੀਵਨ ਢਾਲਣ ਨਾਲ। ਗੁਰੂ ਗ੍ਰੰਥ ਸਾਹਿਬ ਅੰਦਰ ਗੁਰੂ ਅਰਜਨ ਦੇਵ ਜੀ ਦਾ ਇਕੋ ਸ਼ਬਦ ਇਸ ਗਲ ਨੂੰ ਸਪਸ਼ਟ ਕਰਨ ਲਈ ਕਾਫੀ ਹੈ ਕਿ ਜਿਹੜਾ ਵੀ ਪ੍ਰਭੂ ਦੇ ਹੁਕਮ ਨੂੰ ਪਛਾਣਦਾ ਹੈ, ਖਾਲਸਾ ਉਸਦਾ ਸਾਥੀ ਹੈ। ਮੈਂ ਹਮੇਸ਼ਾ ਸਰਬ-ਧਰਮ ਕਾਨਫਰੰਸਾਂ ਅੰਦਰ ਇਸ ਗਲ ਤੇ ਜੋਰ ਦਿੰਦਾ ਰਿਹਾ ਹਾਂ ਕਿ ਜੋ ਵੀ 24 ਘੰਟੇ ਨਿਰੰਤਰ ਪ੍ਰਭੂ ਦੀ ਯਾਦ ਵਿਚ ਰਹਿੰਦਾ ਹੈ-ਪਿਆਰ, ਨਿਮਰਤਾ, ਸਚ, ਤੇ ਸਾਰੇ ਧਰਮਾਂ ਦੀ ਬਰਾਬਰੀ ਤੇ ਸਾਂਝੀਵਾਲਤਾ ਅੰਦਰ- ਉਹ ਮੇਰੇ ਧਰਮ ਦਾ ਹੈ, ਭਾਵੇਂ ਉਸਦਾ ਲੇਬਲ ਕੋਈ ਵੀ ਹੋਵੇ। ਵੇਖੋ, ਗੁਰੂ ਅਰਜਨ ਦੇਵ ਜੀ ਕਿਵੇਂ ਖਾਲਸਾਈ ਜੀਵਨ ਦਾ ਖੁਲਾਸਾ ਕਰਦੇ ਹਨ:

* **ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥**
**ਕੋਈ ਸੇਵੈ ਗੁਸਈਆਂ ਕੋਈ ਅਲਾਹਿ॥**
**ਕਾਰਣ ਕਰਣ ਕਰੀਮ॥**
**ਕਿਰਪਾ ਧਾਰਿ ਰਹੀਮ॥ ਰਹਾਓ॥**
**ਕੋਈ ਨਾਵੈ ਤੀਰਥਿ ਕੋਇ ਹਜ ਜਾਇ॥**
**ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥**

ਕੋਈ ਪੜੈ ਬੇਦ ਕੋਈ ਕਤੇਬ॥
ਕੋਈ ਓਢੈ ਨੀਲ ਕੋਈ ਸੁਪੇਦ॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥...
ਪੰਨਾ 885

ਅੰਤ ਵਿਚ, ਖਾਲਸਾਈ ਜੀਵਨ ਲੋਕਾਂ ਨੂੰ ਵਿਖਾਣ ਲਈ ਯਾ ਪ੍ਰਭਾਵਿਤ ਕਰਨ ਲਈ ਨਹੀਂ। ਸਾਡੇ ਖਾਲਸਾ ਹੋਣ ਦਾ ਮਤਲਬ ਹੈ ਕਿ ਸਾਡੇ ਰੋਜ਼ਾਨਾ ਜੀਵਨ ਚੋਂ ਖਾਲਸਾਈ ਜੀਵਨ ਅਮਲੀ ਰੂਪ ਵਿਚ ਪ੍ਰਗਟ ਹੋਵੇ-

* ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ॥......ਭਾਈ ਗੁਰਦਾਸ ■

(ਰੁਪਾਂਤਰਕਾਰ- ਰਮੇਸ਼ ਸਿੰਘ, ਜਮਸ਼ੇਦਪੁਰ)


*With compliments from*

Prof. Gurcharan Singh M.A.M.Ed.
Managing Director
**VISHAL PROPERTY PROMOTERS & ADVERTISERS**
*Deals in Chandigarh, Mohali, Panchkula & Delhi*

**Office:**
Quite Office No. 4,
Cabin No. 7 (1st Floor),
Sector 35-A, Chandigarh Ph : 601154

**Residence:**
Kothi No. 2352,
Sector 35-C, Chandigarh
Ph : 600530

HOTEL AROMA COMPLEX
**Himalaya Marg, Sector 22-C, Chandigarh 160 022**
**Phone : 700045-48 Fax : 0172-700051**

*With compliments from*
***Kulvinder Singh***

**SAWHNEY CLOTH HOUSE**
**46, Shanker Market,**
**Connaught Circus, New Delhi - 110 001**
**Ph : 3312440 (R) 5721753**

# ਸ਼ਾਸ਼ਤ੍ਰੀ ਸੰਗੀਤ ਦੀ ਇੱਕ ਸੁਹਾਵਨੀ ਸ਼ੈਲੀ ਕਜਰੀ

ਡਾ. ਮਨਵਿੰਦਰ ਕੌਰ*

ਸ਼ਾਸ਼ਤ੍ਰੀ ਸੰਗੀਤ ਦੀਆਂ ਕਈ ਸ਼ੈਲੀਆਂ ਹਨ ਜਿਵੇਂ ਖਿਆਲ ਟੱਪਾ ਠੁਮਰੀ, ਦਾਦਰਾ, ਸਾਦਰਾ, ਲਮਸਾ, ਕਜਰੀ, ਚੈਤੀ ਆਦਿ। ਇਨ੍ਹਾਂ ਸ਼ੈਲੀਆਂ ਵਿੱਚੋਂ ਕਈ ਅੱਜ ਕਲ ਪ੍ਰਚਲਿਤ ਹਨ ਅਤੇ ਕਈ ਅਪ੍ਰਚਲਿਤ ਹੋ ਚੁੱਕੀਆਂ ਹਨ। ਅੱਜ ਇਸ ਲੇਖ ਵਿੱਚ ਮੈਂ ਇਕ ਬਹੁਤ ਹੀ ਸੁਹਾਵਨੀ ਸ਼ੈਲੀ ਕਜਰੀ ਦਾ ਵਰਨਣ ਕਰ ਰਹੀ ਹਾਂ।

ਸਾਵਣ ਦੇ ਮਹੀਨੇ ਵਿੱਚ ਜਦ ਆਕਾਸ਼ ਕਾਲੀਆਂ ਘਟਾਵਾਂ ਨਾਲ ਭਰ ਜਾਂਦਾ ਹੈ। ਘਟਾਵਾਂ-ਘਿਰ ਘਿਰ ਕੇ ਹੇਠਾਂ ਤੱਕ ਆ ਜਾਂਦੀਆਂ ਹਨ। ਚਾਰੋਂ ਤਰਫ ਬਿਜਲੀ ਚਮਕਦੀ ਹੈ ਅਤੇ ਰਿਮਝਿਮ ਬੂੰਦਾਂ ਟਪਕਦੀਆਂ ਹਨ। ਇਹ ਸਮਾਂ ਹੈ ਕਜਰੀ ਸ਼ੈਲੀ ਦੇ ਗਾਇਨ ਦਾ। ਉਹ ਕਿਹੜਾ ਸ਼ਾਸ਼ਤ੍ਰੀ ਸੰਗੀਤ ਦਾ ਕਲਾਕਾਰ ਹੈ ਜਿਸ ਨੂੰ ਅਜਿਹੇ ਸਮੇਂ ਕਜਰੀ ਦੀ ਯਾਦ ਨਾ ਆਵੇ ਸਾਵਣ ਦੀਆਂ ਮਸਤ ਫੁਹਾਰਾਂ ਦੇ ਨਾਲ ਨਾਲ ਹੀ ਕਲਾਕਾਰ ਗਾ ਉਠਦਾ ਹੈ।

*ਆਈ ਸਾਵਣ ਕੀ ਫੁਹਾਰ,*
*ਮਨਵਾ ਹੁਲਸੇ ਬਾਰੰਮਬਾਰ।*
*ਝੂਲਾ ਝੂਲਊਂਗੀ, ਮੈਂ ਝੂਲਾ ਝੂਲਊਂਗੀ।*

ਕਿਸੇ ਸਮੇਂ ਸਾਵਣ, ਭਾਦਰੋਂ ਦੇ ਮਹੀਨੇ ਵਿਚ ਬਨਾਰਸ ਅਤੇ ਮਿਰਜਾਪੁਰ ਦੇ ਨਿਕਟਵਰਤੀ ਇਲਾਕੇ ਕਜਰੀ ਸ਼ੈਲੀ ਦੇ ਗਾਇਨ ਨਾਲ ਗੂੰਜ ਉਠਦੇ ਸਨ। ਸਿਰਫ ਇਸਤ੍ਰੀਆਂ ਹੀ ਨਹੀਂ ਬਲਕਿ ਪੁਰਸ਼ ਵੀ ਬੜੇ ਉਤਸ਼ਾਹ ਨਾਲ ਕਜਰੀ ਗਾਉਂਦੇ ਸਨ।

*ਕਜਰੀ ਦਾ ਨਾਮਕਰਣ:* ਕਜਰੀ ਨੂੰ ਕਈ ਲਿਖਤਾਂ ਵਿੱਚ ਕਜਲੀ ਵੀ ਕਿਹਾ ਗਿਆ ਹੈ ਪਰ ਵਧੇਰੇ ਤੱਥਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਇਸ ਸ਼ੈਲੀ ਨੂੰ ਕਜਰੀ ਦੇ ਨਾਮ ਨਾਲ ਪੁਕਾਰੇ ਜਾਣਾ ਹੀ ਵਧੇਰੇ ਉਚਿਤ ਪ੍ਰਤੀਤ ਹੁੰਦਾ ਹੈ ਕਜਰੀ ਜਾਂ ਕਜਲੀ ਸ਼ੈਲੀ ਦੇ ਨਾਮਕਰਣ ਤੇ ਵਿਕਾਸ ਦੇ ਸਬੰਧ ਵਿੱਚ ਭਿੰਨ ਭਿੰਨ ਵਿਚਾਰ ਮਿਲਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਮੱਧ ਪ੍ਰਦੇਸ਼ ਦੇ ਇੱਕ ਪਿੰਡ ਦੀਆਂ ਇਸਤ੍ਰੀਆਂ ਨੇ ਇਸ ਗੀਤ ਦੀ ਨਵੀਂ ਧੁਨ ਤਿਆਰ ਕਰਕੇ ਇਸ ਨੂੰ ਗਾਇਆ ਅਤੇ ਇਸ ਦਾ ਨਾਮ ਕਜਰੀ ਰੱਖਿਆ। ਕਈ ਲੋਕ ਇਸ ਦਾ ਸਬੰਧ 'ਬੱਨ' ਨਾਲ ਵੀ ਜੋੜਦੇ ਹਨ। ਇੱਕ ਉੱਚ ਕੋਟੀ ਦੇ ਸੰਗੀਤਕਾਰ ਪ੍ਰੋ. ਬਲਦੇਵ ਉਪਾਧਿਆਇ ਦੇ ਵਿਚਾਰ ਅਨੁਸਾਰ ਕਜਰੀ ਪ੍ਰਾਚੀਨ ਸ਼ੈਲੀ 'ਲਾਵਣੀ' ਦਾ ਹੀ ਪ੍ਰਤੀਨਿਧ ਹੈ। ਕਜਰੀ ਦਾ ਸਬੰਧ ਇੱਕ ਧਾਰਮਿਕ ਅਤੇ ਸਮਾਜਿਕ ਪੁਰਬ ਨਾਲ ਵੀ ਜੋੜਿਆ ਜਾਂਦਾ ਹੈ। ਭਾਦਰੋਂ ਦੇ ਕ੍ਰਿਸ਼ਣ ਪਖ ਦੀ ਤੀਜ ਨੂੰ ਕਜਰੀ ਨਾਮ ਦਾ 'ਵਰਤ ਪੁਰਬ' ਵੀ ਮਨਾਇਆ ਜਾਂਦਾ ਹੈ। ਬਨਾਰਸ ਅਤੇ ਮਿਰਜਾਪੁਰ ਦੀਆਂ ਇਸਤ੍ਰੀਆਂ ਇਸ ਤਿਉਹਾਰ ਨੂੰ ਵਿਸ਼ੇਸ਼ ਤੌਰ ਤੇ ਬੜੇ ਉਤਸ਼ਾਹ ਨਾਲ ਮਨਾਉਂਦੀਆਂ ਹਨ। ਨਵੇਂ ਨਵੇਂ ਬਸਤਰ ਪਹਿਨ ਕੇ ਕਜਰੀ ਦੇਵੀ ਦੀ ਪੂਜਾ ਕਰਦੀਆਂ ਹਨ ਅਤੇ ਆਪਣੇ ਭਰਾਵਾਂ ਦੀ ਬਾਂਹ ਤੇ ਜੌਂ ਬੰਨਦੀਆਂ ਹਨ। ਰਾਤ ਭਰ ਜਾਗਰਣ ਹੁੰਦੇ ਅਤੇ ਕਜਰੀਆਂ ਗਾਈਆਂ ਜਾਂਦੀਆਂ ਹਨ।

*ਕਜਰੀ ਮੁਕਾਬਲੇ:* ਬਨਾਰਸ ਯੂ.ਪੀ. ਅਤੇ ਬਿਹਾਰ ਵਿੱਚ ਕਜਰੀ ਗਾਉਣ ਵਾਲਿਆਂ ਦੀਆਂ ਕਈ ਪੇਸ਼ਾਵਰ ਮੰਡਲੀਆਂ ਹਨ। ਜਿਨ੍ਹਾਂ ਨੂੰ ਅਖਾੜੇ ਕਿਹਾ ਜਾਂਦਾ ਹੈ। ਇਨ੍ਹਾਂ ਮੰਡਲੀਆਂ ਦੇ ਮੋਢੀ ਗੁਰੂ ਹੁੰਦੇ ਹਨ ਜੋ ਆਪਣੇ ਅਖਾੜੇ ਦੇ ਸ਼ਾਗਿਰਦਾਂ ਨੂੰ ਕਜਰੀ ਸ਼ੈਲੀ ਦੀ ਵਿਦਿਆ ਵਿਧੀ ਪੂਰਵਕ ਤਰੀਕੇ ਦਿੰਦੇ ਸਨ। ਪਹਿਲੇ ਅਜਿਹੇ ਅਖਾੜਿਆਂ ਵਿੱਚ ਸ਼ਾਗਿਰਦਾਂ ਦੀ ਸੰਖਿਆ ਬਹੁਤ ਹੁੰਦੀ ਸੀ। ਮਸ਼ਹੂਰ ਗਾਇਕ ਅਤੇ ਪੇਸ਼ੇਵਰ ਗਾਇਕਾਵਾਂ ਨੂੰ ਬੁਲਾ ਕੇ ਕਜਰੀ ਦੇ ਮੁਕਾਬਲੇ ਕਰਾਏ ਜਾਂਦੇ ਸਨ। ਇਨ੍ਹਾਂ ਮੁਕਾਬਲਿਆਂ ਨੂੰ ਉਥੋਂ ਦੇ ਲੋਕ ਕਜਰੀ-ਦੰਗਲ ਕਹਿੰਦੇ ਹਨ। ਕਾਸ਼ੀ ਵਿੱਚ ਕਜਰੀ ਮੁਕਾਬਲਿਆਂ ਦੀ ਪਰੰਪਰਾ ਬਹੁਤ ਪੁਰਾਣੀ ਹੈ। ਬੜੇ-ਬੜੇ ਮਸ਼ਹੂਰ ਗਾਇਕ ਅਤੇ ਗਾਇਕਾਵਾਂ ਇਨ੍ਹਾਂ ਕਜਰੀ ਦੇ ਮੁਕਾਬਲਿਆਂ ਵਿੱਚ ਭਾਗ ਲੈਂਦੇ ਸਨ। ਕਿਸੇ ਸਮੇਂ ਕਜਰੀ ਗਾਇਕਾਂ ਵਿਚੋਂ ਖੁਦਾ ਬਖਸ਼ ਅਤੇ ਭੈਰੋ ਦੇ ਨਾਮ ਬਹੁਤ ਪ੍ਰਸਿੱਧ ਸਨ। ਪਿਛਲੇ ਕੁੱਝ

* B-31/15, ਮੇਨ ਰੋਡ, ਗੁਰੂ ਅਰਜਨ ਦੇਵ ਨਗਰ ਸਮਰਾਲਾ ਬਾਈ-ਪਾਸ ਚੌਕ, ਲੁਧਿਆਣਾ-141 008

ਸਾਲਾਂ ਤੋਂ ਕਜਰੀ ਗਾਉਣ ਦਾ ਪ੍ਰਚਾਰ ਘਟ ਗਿਆ ਹੈ। ਅੱਜ ਕਲ ਇਸ ਸ਼ੈਲੀ ਦੇ ਗਾਉਣ ਦਾ ਕੋਈ ਵੀ ਸਥਿਰ ਤਰੀਕਾ ਨਹੀਂ ਰਹਿ ਗਿਆ। ਸ਼ੁੱਧ ਸ਼ਾਸ਼ਤ੍ਰੀ ਰਾਗਾਂ ਅਤੇ ਤਾਲਾਂ ਦੀ ਥਾਂ ਤੇ ਮਿਸ਼ਰਿਤ ਰਾਗਾਂ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ। ਹਰਮੋਨੀਅਮ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ। ਅੱਜ ਕਲ ਕਜਰੀ ਉਪਰ ਕਵਾਲੀ ਦਾ ਪ੍ਰਭਾਵ ਵਿਖਾਈ ਪੈਂਦਾ ਹੈ ਕਜਰੀ ਗਾਣ ਵਾਲੇ ਪੇਸ਼ੇਵਰ ਗਾਇਕ ਅਤੇ ਗਾਇਕਾਵਾਂ ਵੀ ਵਧੇਰੇ ਨਹੀਂ ਹਨ। ਸੁਤੰਤਰਤਾ ਪ੍ਰਾਪਤੀ ਤੋਂ ਪਹਿਲੇ ਅਤੇ ਕੁੱਝ ਸਮਾਂ ਬਾਦ ਕਜਰੀ ਸ਼ੈਲੀ ਬਹੁਤ ਮਸ਼ਹੂਰ ਰਹੀ। ਇਥੋਂ ਤੱਕ ਕਿ ਰਾਸ਼ਟਰੀ ਸਤਰ ਤੇ ਵੀ ਕਜਰੀ ਗਾਉਣ ਦੇ ਮੁਕਾਬਲੇ ਹੁੰਦੇ ਸਨ। ਮੁਕਾਬਲਿਆਂ ਵਿੱਚ ਗਾਈ ਜਾਣ ਵਾਲੀ ਕਜਰੀ ਦਾ ਆਪਣਾ ਹੀ ਰੰਗ ਸੀ। ਕਜਰੀ ਸ਼ੈਲੀ ਨੂੰ ਵੀ ਸ਼ੁੱਧ ਰਾਗਾਂ ਅਤੇ ਤਾਲਾਂ ਦਾ ਧਿਆਨ ਰੱਖਦੇ ਹੋਏ ਰਸ ਭਾਵ ਨਾਲ ਸ਼ਿੰਗਾਰਿਆ ਜਾਂਦਾ ਸੀ। ਉਸ ਸਮੇਂ ਜੀਵਨ ਦਾ ਸ਼ਾਇਦ ਹੀ ਕੋਈ ਅਜਿਹਾ ਪੱਖ ਬਚਿਆ ਹੋਵੇ ਜਿਸ ਤੇ ਕਜਰੀ ਨਾ ਗਾਈ ਗਈ ਹੋਵੇ, ਜਿਵੇਂ ਰਾਸ਼ਟਰੀ ਸਮੱਸਿਆਵਾਂ, ਗਾਂਧੀ ਜੀ ਦੇ ਅਹਿੰਸਾ ਅੰਦੋਲਨ, ਦੇਵੀ-ਦੇਵਤਿਆਂ ਸਬੰਧੀ ਭਜਨ ਪ੍ਰਕਾਰ ਦੀਆਂ ਕਜਰੀਆਂ, ਇਤਿਹਾਸਕ ਲੜਾਈਆਂ ਸਬੰਧੀ ਕਜਰੀਆਂ ਆਦਿ। ਇੱਥੋਂ ਤੱਕ ਕਿ ਫਲਾਂ, ਸਬਜੀਆਂ ਅਤੇ ਮਠਿਆਈਆਂ ਤੇ ਵੀ ਕਜਰੀ ਗਾਈਆਂ ਗਈਆਂ। ਕਜਰੀ ਸ਼ੈਲੀ ਦਾ ਮੁੱਖ ਵਿਸ਼ਾ ਸ਼ਿੰਗਾਰ ਰਸ ਹੁੰਦਾ ਹੈ। ਵਧੇਰੇ ਕਜਰੀਆਂ ਪ੍ਰੀਤਮ ਪ੍ਰੀਤਮਾ ਦੇ ਪਿਆਰ ਵਿਛੋੜੇ ਨਾਲ ਸਬੰਧਿਤ ਹੁੰਦੀਆਂ ਹਨ।

ਕਈ ਕਜਰੀਆਂ ਨੂੰ 'ਕਕਹਿਰਾ' ਕਜਰੀ ਵੀ ਕਿਹਾ ਜਾਂਦਾ ਹੈ। ਇਹ ਕਜਰੀ ਦਾ ਇੱਕ ਅਜਿਹਾ ਪ੍ਰਕਾਰ ਹੈ ਜੋ ਹਿੰਦੀ ਦੇ 'ਕਾ ਸ਼ਬਦ ਤੋਂ ਲੈ ਕੇ ਅੰਤਿਮ ਅੱਖਰ (ੜ) ਤੱਕ ਹਰ ਅੱਖਰ ਤੇ ਇੱਕ ਇੱਕ ਪੰਗਤੀ ਲਿਖੀ ਗਈ ਹੁੰਦੀ ਹੈ। 'ਕਕਹਿਰਾ' ਕਜਰੀ ਦੀਆਂ ਕੁਝ ਪੰਗਤੀਆਂ ਇਸ ਪ੍ਰਕਾਰ ਹਨ ਜੋ ਗਾਂਧੀ ਜੀ ਦੀ ਮੌਤ ਤੇ ਲਿਖ ਕੇ ਗਾਈਆਂ ਗਈਆਂ-

*'ਕ' ਸੇ ਕ੍ਰਿਸ਼ਣ ਚੰਦ ਕੇ ਛਈਆ।*
*ਦੁਖਵੇ ਹਮ ਸਭ ਕੇ ਹਰਵਈਆ।*
*ਸਵਤੰਤਰ ਭਾਰਤ ਕੇ ਕਰਵਈਆ,*
*ਸੋ ਦਿਖਲਾਵੇ ਆਜ ਨਹੀਂ।*
*'ਖ' ਸੇ ਖਾਦੀ ਕੋ ਅਪਨਾਏ?*
*'ਗ' ਸੇ ਗਾਂਧੀ ਸ਼ਾਂਤੀ ਅਪਨਾਏ।*
*'ਘ' ਸੇ ਘੂਮ ਘੂਮ ਦੇਸ਼ ਜਗਾਏ,*
*'ਚ' ਸੇ ਚਕਰ ਸੁਦਰਸ਼ਨ ਲਾਏ।*
*ਰਘੁਪਤ ਰਾਘਵ ਕੇ ਰਟਵਈਆ,*
*ਸੋ ਦਿਖਲਾਵੇ ਆਜ ਨਹੀਂ।*

ਮਿਰਜਾਪੁਰ (ਯੂ.ਪੀ.) ਵਿੱਚ ਕਜਰੀ ਵਧੇਰੇ ਪ੍ਰਚਲਿਤ ਹੋਈ। ਇਸ ਦੀ ਇਕ ਉਦਾਰਣ ਏਸ ਕਜਰੀ ਦੇ ਸ਼ਬਦਾਂ ਤੋਂ ਮਿਲਦੀ ਹੈ।

*"ਲੀਲਾ ਰਾਮ ਨਗਰ ਕੀ ਭਾਰੀ ਕਜਰੀ*
*ਮਿਰਜਾਪੁਰ ਸਰਨਾਮ"*

ਮਿਰਜਾਪੁਰ ਵਿਚ 'ਨਾਗ-ਪੰਚਮੀ' ਦੇ ਤਿਉਹਾਰ ਤੋਂ ਪਹਿਲੇ ਹੀ ਝੂਲੇ ਪਾਏ ਜਾਂਦੇ ਹਨ। ਤੀਜ ਦੇ ਤਿਉਹਾਰ ਨੂੰ ਵੱਡਾ ਉਤਸਵ ਮਨਾਇਆ ਜਾਂਦਾ ਹੈ। ਰਾਤ ਭਰ ਕਜਰੀਆਂ ਗਾਈਆਂ ਜਾਂਦੀਆਂ ਹਨ। ਇਸੇ ਪ੍ਰਕਾਰ ਬਨਾਰਸੀ ਕਜਰੀਆਂ ਵਿੱਚ ਕਿਸੇ ਸਮੇਂ ਹਰੀਰਾਮ, ਲਕਸ਼ਮਣ, ਮੋਤੀ ਆਦਿ ਗਾਇਕਾਂ ਦੇ ਨਾਮ ਪ੍ਰਚਲਿਤ ਸਨ।

ਬਨਾਰਸੀ ਕਜਰੀ ਦਾ ਆਪਣਾ ਹੀ ਰੰਗ ਹੁੰਦਾ ਸੀ ਅਤੇ ਮਿਰਜਾਪੁਰੀ ਕਜਰੀ ਦਾ ਵੀ ਆਪਣਾ ਇਕ ਵਿਸ਼ੇਸ਼ ਰੂਪ ਸੀ। ਕਜਰੀਆਂ ਦੇ ਦੋਨੋਂ ਪ੍ਰਕਾਰ ਹੀ ਇੱਕ ਦੂਸਰੇ ਤੋਂ ਘਟ ਨਹੀਂ ਸਨ। ਬਨਾਰਸ ਦੀ ਇਕ ਕਜਰੀ ਵਿੱਚ ਨਾਮ ਸਿਮਰਨ ਦੀਆਂ ਪੰਗਤੀਆਂ ਦੀ ਸੁੰਦਰਤਾ ਵੇਖੋ ਜੋ ਭਜਨ ਵਾਂਗ ਹੀ ਜਾਪਦੀਆਂ ਹਨ।

*ਸਾਵਣ ਕੀ ਫੁਹਾਰੋਂ ਮੇਂ,*
*ਹਰਦਮ ਭਜਾ ਕਰੋ ਤੁਮ ਹਰੀ।*
*ਹਰੀ ਬਿਨ ਕੋਈ ਨ ਜਲਦੀ ਤਰੀ,*
*ਅਬ ਤੁਮ ਭਜੋ ਹਰੀ, ਹਰ ਘੜੀ।*
*ਮੇਰੇ ਪਿਆਰੇ ਬਲਮ, ਮੇਰੇ ਪਿਆਰੇ ਬਲਮ,*
*ਹਰ ਘੜੀ, ਲੀਆ ਕਰੋ ਹਰੀ ਨਾਮ*
*ਨਾਮ ਸੇ ਤੇਰੇ ਬਨੇ ਸਭ ਕਾਮ,*
*ਹਰ ਘੜੀ ਲੀਆ ਕਰੋ ਤੁਮ ਨਾਮ*

ਇਸ ਪ੍ਰਕਾਰ ਮਿਰਜਾਪੁਰ ਦੀ ਕਜਰੀ ਵਿੱਚ ਕਵੀ ਨੇ ਬਿਰਹਨ ਰਾਧਾ ਦੀ ਹਾਲਤ ਦਾ ਵਰਨਣ ਕੀਤਾ ਹੈ-

ਨਹੀਂ ਆਏ ਘਨਸ਼ਾਮ, ਘਿਰ ਘਿਰ ਆਈ ਬਦਰੀ,
ਮੈਂ ਬੈਠੀ ਬ੍ਰਿਜ ਧਾਮ, ਤੁਝੇ ਨਾ ਮੇਰੀ ਕੋਈ ਲਾਜ।
ਆਈ ਸਾਵਨ ਕੀ ਬਹਾਰ, ਮੇਰਾ ਦਿਲ ਤੁਮੇ ਪੁਕਾਰੇ,
ਕਾਨ੍ਹਾ ਹਮੇ ਬਿਸਰਾਏ, ਰਹੇ ਸੌਤਨ ਪਾਸ ਜਾਏ।
ਕਰੂੰ ਕੌਨ ਸਾ ਉਪਾਏ, ਸਾਵਨ ਦਿਲ ਮੇਰਾ ਜਲਾਏ।

ਕਜਰੀ ਦਾ ਇੱਕ ਹੋਰ ਨਮੂਨਾ ਵੇਖੋ-

ਚੌਰਾਸੀ ਕਾ ਚਕਰ ਤੂੰ ਮਾਨ ਲੇ ਸਾਵਰੀਆ
ਗੁਰੂ ਬਿਨ ਕੌਨ ਬਤਾਵੇ ਗਿਆਨ ਰੇ ਸਾਵਰੀਆ,
ਚੌਰਾਸੀ ਕੇ ਭਰਮ ਮੇ, ਨਰ, ਜਨਮ ਗਵਾਤਾ ਹੈ।
ਮਾਯਾ ਮੋਹ ਦੁਬਿਧਾ ਮੇਂ ਫਸ ਕੇ, ਜਾਨ ਸੇ ਭੀ ਜਾਤਾ ਹੈ,
ਛੋੜ ਕੇ ਭਰਮ, ਸਤਿਗੁਰੂ ਕਾ ਧਰ ਲੇ ਧਿਆਨ ਰੇ ਸਾਵਰੀਆ

ਹੁਣ ਜਿਸ ਕਜਰੀ ਦਾ ਵਰਨਣ ਕੀਤਾ ਜਾ ਰਿਹਾ ਹੈ ਉਹ ਬਿਰਹਨ ਪ੍ਰੀਤਮਾ ਆਪਣੇ ਪਤੀ ਦੀ ਯਾਦ ਵਿਚ ਗਾ ਰਹੀ ਹੈ।

ਬਾਦਲ ਬਰਸੇ ਬਿਜਲੀ ਚਮਕੇ,
ਜੀਅਰਾ ਲਰਜੇ ਮੋਰਾ ਸਖੀ।
ਸਈਆਂ ਘਰੇ ਨ ਆਈਲੇ,
ਪਾਨੀ ਬਰਸਨ ਲਾਗੇ ਘੋਰ ਸਖੀ।

ਇੱਕ ਤਰਫ ਅਜਿਹੀ ਔਰਤ ਦਾ ਵਰਨਣ ਹੈ ਜਿਸ ਦਾ ਪਤੀ ਸਾਵਣ ਦੇ ਸੁਹਾਵਨੇ ਮੌਸਮ ਵਿੱਚ ਉਸ ਦੇ ਪਾਸ ਹੈ। ਉਸ ਪਤਨੀ ਦੀ ਆਤਮਾ ਆਨੰਦਿਤ ਹੋ ਕੇ ਕਹਿੰਦੀ ਹੈ-

ਆਰੇ ਬਾਬ ਬਹੇਲਾ ਪੁਰਵਈਆ।
ਅਬ ਪੀਆ ਰਹੇ ਮੇਰੇ ਪਾਸ।।
ਕਲੀਆਂ ਚੁਣ ਚੁਣ ਸੇਜ ਬਿਛਾਈ।
ਸਈਆਂ ਸੋਏ ਸਾਰੀ ਰਾਤ।।

ਇਸ ਪ੍ਰਕਾਰ ਕਜਰੀਆਂ ਦੇ ਸ਼ਬਦਾਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਵਿੱਚ ਵਾਸਤਵਿਕ ਸੁੰਦਰਤਾ ਅਤੇ ਮਧੁਰਤਾ ਮੌਜੂਦ ਹੈ। ਪਰ ਇਹ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕਜਰੀ ਸ਼ੈਲੀ ਦਾ ਪਰਚਾਰ ਲਗਭਗ ਨਾਂਹ ਦੇ ਬਰਾਬਰ ਹੀ ਰਹਿ ਗਿਆ ਹੈ। ਕਜਰੀ ਦਾ ਅਸਥਾਨ ਅਜ ਕਲ ਕਵਾਲੀ ਲੈ ਰਹੀ ਹੈ। ਪਹਿਲੇ, ਕਜਰੀਆਂ ਨੂੰ ਸ਼ਾਸ਼ਤ੍ਰੀ ਸੰਗੀਤ ਦੇ ਗਾਇਕ ਪੂਰੇ ਸ਼ਾਸ਼ਤ੍ਰੀ ਸੰਗੀਤ ਦੇ ਅਸੂਲਾਂ ਅਨੁਸਾਰ ਗਾਉਂਦੇ ਸਨ ਪਰ ਅਜ ਕਲ ਸਧਾਰਣ ਤੌਰ ਤੇ ਵੀ ਕਜਰੀ ਸੁਣਨ ਨੂੰ ਨਹੀਂ ਮਿਲਦੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜੇ ਸ਼ਾਸ਼ਤ੍ਰੀ ਸੰਗੀਤ ਦੀਆਂ ਇਨ੍ਹਾਂ ਸ਼ੈਲੀਆਂ ਦੀ ਸਾਂਭ ਸੰਭਾਲ ਨਾ ਕੀਤੀ ਗਈ ਤਾਂ ਇਨ੍ਹਾਂ ਦਾ ਵਾਸਤਵਿਕ ਰੂਪ ਸਮਾਪਤ ਹੋ ਸਕਦਾ ਹੈ। ■

*With compliments from*

**Prithipal S. Sachdev**

PUNE BEVELS

87, MIDC,
Bhosari General, Pune 411 026
Phone/Fax : 797012

# ਭਾਈ ਗੁਰਬਚਨ ਸਿੰਘ : ਪਟਨਾ ਸਾਹਿਬ ਵਾਲੇ

ਭਾਈ ਰਣਧੀਰ ਸਿੰਘ ਖਾਲਸਾ*

ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਹੈ। ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮੁੱਖ ਹਾਲ ਵਿੱਚ ਸੰਗਤ ਇਕੱਤਰ ਹੋ ਰਹੀ ਹੈ। ਰਾਤ ਦੇ ਕਰੀਬ 12 ਵਜੇ ਇੱਕ ਰਾਗੀ ਜਥਾ ਇਸ ਹਾਲ ਵਿੱਚ ਦਾਖਲ ਹੋਇਆ। ਇੱਕ ਵਜ ਕੇ ਵੀਹ ਮਿੰਟ ਤੇ ਰਾਗੀ ਸਿੰਘਾਂ ਦਾ ਗਾਇਨ ਅਰੰਭ ਹੋਇਆ। "ਤਹੀ ਪ੍ਰਕਾਸ਼ ਹਮਾਰਾ ਭਯੋ, ਪਟਨਾ ਸ਼ਹਿਰ ਵਿਖੇ ਭਵ ਲਯੋ" ਪੰਚਮ ਸਵਰ ਤੋਂ ਭਾਈ ਸਾਹਿਬ ਦਾ ਇਹ ਸ਼ਬਦ ਇੱਕ ਅਦੁੱਤੀ ਨਜ਼ਾਰਾ ਪ੍ਰਦਾਨ ਕਰ ਰਿਹਾ ਹੈ। ਉਸ ਸਮੇਂ ਇਸ ਤਰ੍ਹਾਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਗੁਰੂ ਮਹਾਰਾਜ ਆਪ ਸੰਗਤ ਵਿੱਚ ਬਿਰਾਜਮਾਨ ਹੋਣ। ਭਾਈ ਸਾਹਿਬ ਅੱਖਾਂ ਬੰਦ ਕਰਕੇ ਸੁਰ ਵਿੱਚ ਲੀਨ ਹਨ। ਉਹ ਆਪਣੇ ਨਾਲ ਹੋਰਨਾਂ ਨੂੰ ਵੀ ਸ਼ਬਦ ਵਿੱਚ ਟਿਕਾਈ ਬੈਠੇ ਹਨ। ਕੌਣ ਹਨ ਇਹ ਰਾਗੀ ਸਿੰਘ? ਇਹ ਹਨ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਹੈਡ ਹਜ਼ੂਰੀ ਰਾਗੀ ਭਾਈ ਸਾਹਿਬ ਭਾਈ ਗੁਰਬਚਨ ਸਿੰਘ ਜੀ।

ਭਾਈ ਗੁਰਬਚਨ ਸਿੰਘ ਜੀ ਦਾ ਜਨਮ ਨੌਸ਼ਿਹਰਾ (ਗੁਜਰਾਤ) ਵਿੱਚ ਜੋ ਹੁਣ ਪਾਕਿਸਤਾਨ ਵਿੱਚ ਹੈ, 30 ਜੂਨ 1936 ਈ. ਨੂੰ ਹੋਇਆ। ਇਹਨਾਂ ਦੀ ਮਾਤਾ ਪ੍ਰਕਾਸ਼ ਕੌਰ ਅਤੇ ਪਿਤਾ ਸ. ਕੇਸਰ ਸਿੰਘ ਦੋਵਾਂ ਦਾ ਹੀ ਗੁਰੂ ਘਰ ਨਾਲ ਬੜਾ ਸਨੇਹ ਸੀ। ਮਾਤਾ ਪਿਤਾ ਦੇ ਗੁਰੂ ਘਰ ਨਾਲ ਪਿਆਰ ਨੇ ਭਾਈ ਸਾਹਿਬ ਤੇ ਗਹਿਰਾ ਪ੍ਰਭਾਵ ਪਾਇਆ। ਬਚਪਨ ਤੋਂ ਹੀ ਉਹਨਾਂ ਨੂੰ ਪ੍ਰਭੂ ਭਜਨ ਵਿੱਚ ਲਗਨ ਸੀ। ਉਹਨਾਂ ਦੇ ਪਿੰਡ ਵਿੱਚ ਕੋਈ ਵੀ ਕੀਰਤਨੀ ਜਥੇ ਆ ਜਾਂਦੇ ਤਾਂ ਉਹ ਪੂਰਾ ਸਮਾਂ ਉਹਨਾਂ ਦੇ ਆਦਰ ਸਤਿਕਾਰ ਵਿੱਚ ਲੱਗੇ ਰਹਿੰਦੇ। ਉਹ ਉਹਨਾਂ ਨਾਲ ਬੈਠ ਕੇ ਕੀਰਤਨ ਕਰਦੇ। ਕੀਰਤਨੀ ਜਥੇ ਵਾਲੇ ਇਸ ਬਾਲਕ ਦੀ ਸ਼ਰਧਾ ਅਤੇ ਆਵਾਜ਼ ਤੋਂ ਬਹੁਤ ਪ੍ਰਭਾਵਤ ਹੁੰਦੇ। ਜਿਉਂ ਜਿਉਂ ਇਹ ਵੱਡੇ ਹੁੰਦੇ ਗਏ ਇਹਨਾਂ ਦੀ ਸ਼ਰਧਾ ਅਟੁੱਟ ਹੁੰਦੀ ਗਈ।

ਉਹਨਾਂ ਦਾ ਪਰਿਵਾਰ ਜਦ ਪਟਨਾ ਸਾਹਿਬ ਆ ਕੇ ਵਸਿਆ ਤਾਂ ਕੁਝ ਸਮੇਂ ਬਾਅਦ ਆਪ ਤਖਤ ਪਟਨਾ ਸਾਹਿਬ ਨਾਲ ਜੁੜ ਗਏ। 48 ਸਾਲਾਂ ਤੱਕ ਆਪ ਇਸ ਗੁਰਧਾਮ ਤੇ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਇਸ ਸਮੇਂ ਦੌਰਾਨ ਉਹ ਇਰਾਨ, ਤਹਿਰਾਨ, ਕੁਵੈਤ, ਇੰਗਲੈਂਡ ਆਦਿ ਕਈ ਦੇਸਾਂ ਵਿੱਚ ਗੁਰਬਾਣੀ ਦੇ ਪ੍ਰਚਾਰ ਹਿਤ ਗਏ।

ਸਾਦੇ ਵਿਚਾਰ, ਖੁਸ਼ ਮਿਜ਼ਾਜ ਸੁਭਾਵ ਅਤੇ ਸਪਸ਼ਟ-ਭਾਵੀ ਹੋਣ ਦੇ ਨਾਲ ਨਾਲ ਇਹ ਬੜੇ ਨਿਮਰ ਵੀ ਸਨ। ਕਈ ਸਾਲ ਤੱਕ ਉਹ ਕੀਰਤਨ ਰਾਹੀਂ ਅਕਾਸ਼ਵਾਣੀ ਨਾਲ ਵੀ ਜੁੜੇ ਰਹੇ। ਉਹਨਾਂ ਦੇ ਰਿਕਾਰਡ ਕੀਤੇ "ਕੋਈ ਬੋਲੈ ਰਾਮ ਰਾਮ", "ਦੇਹਿ ਸ਼ਿਵਾ ਵਰ ਮੋਹਿ ਇਹੈ" ਆਦਿ ਅਨੇਕ ਸ਼ਬਦ ਅੱਜ ਵੀ ਰੇਡੀਓ ਤੋਂ ਸੁਣਨ ਨੂੰ ਮਿਲਦੇ ਹਨ।

ਉਹਨਾਂ ਦੀ ਜੀਵਨ ਯਾਤ੍ਰਾ ਸੰਤ ਸਮਾਗਮ, ਅੰਮ੍ਰਿਤ ਪ੍ਰਚਾਰ ਹਿਤ ਦਿੱਲੀ, ਅਲਵਰ ਆਦਿ ਅਨੇਕ ਸਥਾਨਾਂ ਤੇ ਹੁੰਦੀ ਹੋਈ ਅਜਮੇਰ ਸਰੀਫ ਵਿੱਚ ਪੂਰੀ ਹੋਈ। ਜਿਸ ਦਿਨ ਅਖੀਰਲੇ ਪੜਾਅ ਲਈ ਘਰੋਂ ਤੁਰੇ ਸਨ ਉਸ ਦਿਨ ਉਹਨਾਂ ਦੀ ਪਤਨੀ ਸਖਤ ਬਿਮਾਰ ਸੀ। ਬਿਮਾਰੀ ਕਾਰਨ ਉਹਨਾਂ ਘਰ ਰੁਕਣਾ ਚਾਹਿਆ ਪਰੰਤੂ ਉਹਨਾਂ ਦੀ ਪਤਨੀ ਨੇ ਕਿਹਾ ਕਿ ਆਪ ਗੁਰੂ ਕਾਰਜ ਲਈ ਬਾਹਰ ਜਾ ਰਹੇ ਹੋ। ਤੁਸੀਂ ਜਾਓ ਮੈਂ ਠੀਕ ਹੋ ਜਾਵਾਂਗੀ। ਪਤਨੀ ਦਾ ਦ੍ਰਿੜ ਇਰਾਦਾ ਵੇਖ ਆਪ ਯਾਤ੍ਰਾ ਤੇ ਨਿਕਲ ਗਏ।

15 ਮਾਰਚ, 1990 ਦੇ ਦਿਨ ਅਜਮੇਰ ਸਰੀਫ ਵਿੱਚ ਕੀਰਤਨ ਦਰਬਾਰ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਸਰੋਤੇ ਹਾਜਰ ਸਨ। ਰਾਗੀ ਜੀ ਨੇ ਕਈ ਸ਼ਬਦਾਂ ਦਾ ਗਾਇਨ ਕੀਤਾ। ਸਾਰੀ ਸੰਗਤ ਪ੍ਰਭੂ-ਰਸ ਵਿੱਚ ਰੰਗੀ ਬੈਠੀ ਸੀ। ਅੰਤਮ ਸ਼ਬਦ ਦਾ ਗਾਇਨ ਆਰੰਭ ਹੋਇਆ "ਪੀ ਅੰਮ੍ਰਿਤ ਆਘਾਨਿਆ ਗੁਰ ਅਮਰ ਕਰਾਇਆ" ਉਹਨਾਂ

* 88 ਗੋਬਿੰਦ ਨਗਰ, ਚਿਤਕੋਹਰਾ, ਪਟਨਾ - 800 002 (ਬਿਹਾਰ)

ਦੀ ਛਾਤੀ ਵਿੱਚ ਹਲਕਾ ਜਿਹਾ ਦਰਦ ਸ਼ੁਰੂ ਹੋਇਆ। ਪਰ ਉਹ ਗਾਉਂਦੇ ਰਹੇ। ਉੱਥੋਂ ਦੇ ਪ੍ਰਬੰਧਕਾਂ ਨੇ ਉਹਨਾਂ ਨੂੰ ਰੋਕਣਾ ਚਾਹਿਆ ਪਰ ਉਹ ਨਾ ਰੁਕੇ। ਦਰਦ ਵਧਦਾ ਗਿਆ ਉਹ ਗਾਉਂਦੇ ਰਹੇ। ਜਦੋਂ ਹੀ ਸ਼ਬਦ ਦੀ ਅੰਤਿਮ ਪੰਕਤੀ ਪੂਰੀ ਕੀਤੀ ਸੰਗਤ ਨੇ ਵੇਖਿਆ ਕਿ ਰਾਗੀ ਜੀ ਆਪਣੀ ਜੀਵਨ ਲੀਲਾ ਸਮਾਪਤ ਕਰ ਚੁੱਕੇ ਸਨ। ਗੁਰੂ ਦਰਬਾਰ ਵਿੱਚ ਇੱਕ ਸੱਚੇ ਭਗਤ, ਰਾਗੀ ਸਿੰਘ ਦਾ ਜੀਵਨ ਪ੍ਰਵਾਣ ਚੜ੍ਹਿਆ।

ਹਰ ਵਰ੍ਹੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ ਉਹਨਾਂ ਦੇ ਵੱਡੇ ਸਪੁੱਤਰ ਸ. ਜਸਪਾਲ ਸਿੰਘ ਜੀ ਉਹਨਾਂ ਦੀ ਯਾਦ ਵਿੱਚ ਕੀਰਤਨ ਮੁਕਾਬਲਾ ਕਰਾਉਂਦੇ ਹਨ। ਕੀਰਤਨ ਮੁਕਾਬਲੇ ਵਿੱਚ ਜੇਤੂ ਰਹਿਣ ਵਾਲਿਆਂ ਨੂੰ ਉਹਨਾਂ ਦੇ ਪਰਿਵਾਰ ਦੀ ਤਰਫੋਂ ਸ਼ੀਲਡਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਪਟਨਾ ਸਹਿਬ ਦੀ ਸੰਗਤ ਵਿੱਚ ਭਾਈ ਗੁਰਬਚਨ ਸਿੰਘ ਜੀ ਹਮੇਸ਼ਾ ਅਮਰ ਰਹਿਣਗੇ। ■


**ਜਪਿਓ ਜਿਨ ਅਰਜਨ ਦੇਵ ਗੁਰੂ**
**ਫਿਰ ਸੰਕਟ ਜੋਨਿ ਗਰਭ ਨ ਆਇਓ**

***On the Shahidi Day of Guru Arjan Devji, Let us remember him for:***

* Compiling Sri Guru Granth Sahibji.
* Composing Sukhmani Sahib.
* Building the Golden Temple.
* Starting "Daswand" (donating of one tenth of income for goof causes).
* Starting the practice of Kirtan to be done by Saadh Sangat.
* Building Hospitals, Orphanages and Wells all over Punjab.

**In 1606 in Lahore, he made the supreme sacrifice of his life for the sake of humanity.**

**Always remember Guru Arjan Devji's message:**

* Recite Gurbani daily.
* Be humble and tolerant.
* Do selfless service.

***This will make you always happy!***

**Satnam Kaur**
B-304, Salvador Bldg.,
Shastri Nagar, Four Bungalows,
Andheri (West), Mumbai-400 053



*ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।*

*

**ਅੰਮ੍ਰਿਤ ਕੀਰਤਨ ਟ੍ਰਸਟ**
422, ਸੈਕਟਰ 15-A, ਚੰਡੀਗੜ੍ਹ ਫੋਨ-772660

*

**ਅੰਮ੍ਰਿਤ ਵਰਖਾ**
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ ਫੋਨ-5742058



*With compliments from*

***Madhu Bahl***

**PASSAGE**
***Travels***

*Shop No. 8, Defence Colony Market,*
*New Delhi 110 024 India*
*Tel. : 4625107, 4645493, 6810324*
*Fax : 6811953*

# ਅਜੋਕੇ ਸਮੇਂ ਵਿੱਚ ਖਾਲਸਾ ਪੰਥ ਦੀ ਤੀਜੀ-ਸ਼ਤਾਬਦੀ ਮਨਾਉਣ ਦੀ ਮਹੱਤਤਾ

ਜੈਸਮੀਨ ਕੌਰ ਢਿੱਲੋਂ*

ਖਾਸਲਾ ਪੰਥ ਦੀ ਸਿਰਜਨਾ ਮਨੁੱਖੀ ਇਤਿਹਾਸ ਦੇ ਪ੍ਰਸੰਗ ਵਿੱਚ ਇੱਕ ਵਿਲੱਖਣ ਘਟਨਾ ਸੀ। 30 ਮਾਰਚ 1699 ਈ: ਨੂੰ ਅਨੰਦਪੁਰ ਸਾਹਿਬ ਵਿਖੇ ਕੇਸਗੜ੍ਹ ਦੇ ਮੈਦਾਨ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਚੋਣ ਕੀਤੀ। ਇਹ ਪੰਜ ਪਿਆਰੇ ਵੱਖ ਵੱਖ ਧਰਮਾਂ, ਜ਼ਾਤਾਂ ਅਤੇ ਇਲਾਕਿਆਂ ਨਾਲ ਸਬੰਧਿਤ ਸਨ। ਅਜਿਹਾ ਕਾਰਜ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ 200 ਸਾਲ ਪਹਿਲਾਂ ਕੀਤੇ ਉਪਦੇਸ਼ ਨੂੰ ਅਮਲੀ ਜਾਮਾ ਪਹਿਨਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਤੋਂ ਪਹਿਲਾਂ ਦੇ ਲੰਮੇ ਇਤਿਹਾਸ ਅਤੇ ਆਉਣ ਵਾਲੇ ਸਦੀਆਂ ਲੰਮੇ ਭਵਿੱਖ ਨੂੰ ਮੱਦੇ ਨਜ਼ਰ ਰੱਖਦਿਆਂ ਖਾਲਸਾ ਪੰਥ ਨੂੰ ਹੋਂਦ ਵਿੱਚ ਲਿਆਂਦਾ।

ਤਿੰਨ ਸੌ ਸਾਲ ਬਾਅਦ ਜਦ ਅਸੀਂ ਖਾਲਸੇ ਦੀ ਜਨਮ ਸ਼ਤਾਬਦੀ ਮਨਾਈ ਹੈ ਤਾਂ ਅਸੀਂ ਆਪਣੇ ਆਪ ਦੀ ਪੜਚੋਲ ਕੀਤੀ ਹੈ। ਆਪਣੇ ਕੀਤੇ ਤੇ ਪੁਨਰ ਵਿਚਾਰ ਕੀਤੀ ਹੈ। ਉਸੇ ਦਿਨ ਨੂੰ ਆਧਾਰ ਬਣਾ ਕੇ ਕਿਉਂ ਪੜਚੋਲ ਗਈ, ਹੋਰ ਕਿਸੇ ਦਿਨ ਨੂੰ ਕਿਉਂ ਨਹੀਂ? ਕਿਉਂ ਕਿ ਉਸ ਦਿਨ ਆਦਰਸ਼ ਮਨੁੱਖ ਦੀ ਸਿਰਜਣਾ ਹੋਈ ਸੀ। ਇਸੇ ਆਦਰਸ਼ ਮਨੁੱਖ ਨੂੰ ਗੁਰੂ ਨਾਨਕ, ਗੁਰੂ ਅਰਜਨ, ਗੁਰੂ ਤੇਗ ਬਹਾਦੁਰ, ਸ਼ੇਖ ਫਰੀਦ ਅਤੇ ਭਗਤ ਕਬੀਰ ਆਦਿ ਨੇ ਚਿਤਵਿਆ ਸੀ। ਮਨੁੱਖੀ ਆਜ਼ਾਦੀ ਜੋ ਹਰ ਪਲ ਮਨੁੱਖੀ ਵਿਕਾਸ ਲਈ ਜ਼ਰੂਰੀ ਹੈ, ਦਾ ਬਿਗਲ ਵੀ ਉਸੇ ਦਿਨ ਵੱਜਿਆ ਸੀ। ਇਸੇ ਆਦਰਸ਼ ਮਨੁੱਖ ਦੀ ਜੋ ਸਦੀਆਂ ਪਹਿਲਾਂ ਲੋੜ ਸੀ ਤਾਂ ਸਦੀਆਂ ਤੀਕ ਇਸ ਦੀ ਲੋੜ ਸ਼ਿਦਤ ਨਾਲ ਮਹਿਸੂਸ ਕੀਤੀ ਜਾਂਦੀ ਰਹੇਗੀ।

ਅਜੋਕੇ ਸਮੇਂ ਵਿੱਚ ਨੈਤਿਕ ਕਦਰਾਂ ਕੀਮਤਾਂ ਵਿੱਚ ਕਾਫੀ ਗਿਰਾਵਟ ਆਈ ਹੈ। ਇਸ ਪਾਸੇ ਵੱਲ ਅਸੀਂ ਆਪਣੇ ਆਪ ਵਿੱਚ ਝਾਤੀ ਮਾਰਨੀ ਹੈ ਕਿ ਕੀ ਕਾਰਨ ਹਨ ਅਜਿਹੀ ਗਿਰਾਵਟ ਦੇ। ਕੀ ਅਸੀਂ ਜਾਣ ਬੁੱਝ ਕੇ ਤਾਂ ਅਜਿਹਾ ਨਹੀਂ ਕਰ ਰਹੇ? ਇਸ ਤੋਂ ਬਿਨਾਂ ਜਿੰਨੇ ਮਨੁੱਖੀ ਅਧਿਕਾਰ ਸੰਗਠਨ ਭਾਵੇਂ ਉਹ ਸੰਸਾਰ ਪੱਧਰ ਤੇ ਕੰਮ ਕਿਉਂ ਨਾ ਕਰਦੇ ਹੋਣ, ਸਭ ਨੇ ਇਸੇ ਦੇ ਪ੍ਰਕਾਸ਼ 'ਚੋਂ ਕਿਰਨ ਲਈ ਹੈ। ਸਾਰੇ ਸੰਗਠਨਾਂ ਦਾ ਆਧਾਰ ਹੀ ਉਹੋ ਦਿਨ ਹੈ ਜਿਸ ਦਿਨ ਅਨੰਦਪੁਰ ਦੀ ਧਰਤੀ ਤੇ ਮਨੁੱਖ ਨੂੰ ਮਨੁੱਖ ਵਜੋਂ ਮਾਨਤਾ ਮਿਲੀ। ਤਿਆਗ ਦੀ ਭਾਵਨਾ ਪੈਦਾ ਹੋਈ। ਸਮਾਜਕ ਬਰਾਬਰੀ ਦੀ ਪ੍ਰਥਾ ਸੰਗਤ ਪੰਗਤ ਅਤੇ ਲੰਗਰ ਆਦਿ ਦੇ ਪਵਿੱਤਰ ਕਾਰਜਾਂ ਰਾਹੀਂ ਹੋਂਦ ਵਿੱਚ ਲਿਆਂਦੀ ਗਈ।

ਪਦਾਰਥਕ ਜਕੜ ਵਿੱਚ ਗਰਕ ਹੋਇਆ ਮਨੁੱਖ ਅੱਜ ਮਾਇਆ ਦੇ ਸ਼ੀਸ਼ੇ ਰਾਹੀਂ ਇੱਕ ਦੂਜੇ ਵੱਲ ਵੇਖ ਰਿਹਾ ਹੈ। ਜਦੋਂ ਅਸੀਂ ਪਵਿੱਤਰ ਦਿਨ-ਦਿਹਾਰ ਮੰਨਾਉਂਦੇ ਹਾਂ ਅਜਿਹੇ ਮਨੁੱਖ ਵੀ ਕੁਕਰਮਾਂ ਦੇ ਘੇਰੇ ਤੋੜ ਕੇ ਭਲਾਈ ਕਾਰਜਾਂ ਵਿੱਚ ਜੁਟਦੇ ਹੋਏ ਨਜ਼ਰੀ ਪੈਂਦੇ ਹਨ। ਇੱਕ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜੇਕਰ ਖਾਲਸੇ ਦੀ ਸਿਰਜਣਾ ਨਾ ਹੁੰਦੀ, ਜ਼ੁਲਮ ਦੇ ਖਿਲਾਫ ਰਣਜੀਤ ਨਗਾਰਾ ਨਾ ਗੂੰਜਦਾ ਤਾਂ ਅੱਜ ਸਮਾਜ ਦੀ ਦਸ਼ਾ ਅਜੋਕੇ ਪੰਜਾਬ ਵਰਗੀ ਨਾ ਹੁੰਦੀ, ਸਗੋਂ ਅਫਗਾਨਿਸਤਾਨ ਵਰਗੀ ਹੁੰਦੀ। ਧਾੜਵੀਆਂ ਦੇ ਹਮਲਿਆਂ ਦੇ ਮਾਰੇ ਲੋਕ ਅੱਜ ਵੀ ਇਧਰ-ਉਧਰ ਲੁਕਦੇ ਫਿਰਦੇ ਹੁੰਦੇ।

ਕਿਉਂ ਨਾ ਕਰੀਏ ਉਸ ਮਹਾਨ ਦਿਨ ਨੂੰ ਯਾਦ ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਚੇਲੇ ਦਾ ਭੇਦ ਮਿਟਾ ਕੇ ਸਭ ਨੂੰ ਆਪਣੇ ਬਰਾਬਰ ਦਾ ਦਰਜਾ ਦਿੱਤਾ। ਕਿਰਤੀਆਂ ਨੂੰ ਮਾਣ ਦਿੱਤਾ। ਸੱਚੀ-ਮੁੱਚੀ ਕਿਰਤ ਦਾ ਮਹੱਤਵ ਅੱਜ ਪੰਜਾਬੀਆਂ ਦੀ ਮਿਹਨਤ ਸਦਕਾ ਪ੍ਰਾਪਤ ਹੋਈ ਬਰਕਤ ਵਿਚੋਂ ਝਲਕਦਾ ਹੈ।

ਅੱਜ ਧਰਮਾਂ ਦੇ ਨਾਂ ਤੇ ਵੰਡੀਆਂ ਪਾ ਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਧਰਮਾਂ, ਜਾਤਾਂ, ਮਜ਼ਬਾਂ ਵਿੱਚ ਸਿਆਸੀ ਅਤੇ ਚਤੁਰ ਲੋਕਾਂ ਵੱਲੋਂ ਜਨਤਾ ਨੂੰ ਹੇਠਲੇ ਪੱਧਰ ਤੱਕ ਅਜਿਹਾ

---

* ਜਮਾਤ ਅੱਠਵੀਂ, ਸ਼ਿਵਾਲਕ ਪਬਲਿਕ ਸਕੂਲ, ਚੰਡੀਗੜ੍ਹ।

ਉਲਝਾ ਦਿੱਤਾ ਗਿਆ ਹੈ ਕਿ ਉਹ ਲਕੀਰ ਦੇ ਫਕੀਰ ਬਣ ਕੇ ਰਹਿ ਗਏ ਹਨ। ਉਹ ਇੱਕ ਰੱਬ ਦੇ ਸੰਕਲਪ ਨੂੰ ਭੁੱਲ ਕੇ ਅਨੇਕਾਂ ਰੱਬਾਂ ਦੀ ਗਰਦਸ਼ ਵਿੱਚ ਗੁੰਮ ਹੋ ਗਏ ਹਨ। ਕੀ "ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ" ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ। ਇਸ ਸਚਾਈ ਨੂੰ ਮੰਨਣ ਨਾਲ ਫਿਰਕੂ ਦੰਗੇ ਰੁਕਣਗੇ। ਕੁਦਰਤੀ ਹੈ ਕਿ ਮਨੁੱਖ ਮਨੁੱਖ ਦੇ ਗਲੇ ਲੱਗੇਗਾ ਤਾਂ ਸਦਭਾਵਨਾਂ ਦਾ ਮਹੌਲ ਪੈਦਾ ਹੋਵੇਗਾ।

ਸੱਚੀ-ਮੁੱਚੀ ਅਤੇ ਸਰਬਤ ਦੇ ਭਲੇ ਵਾਲੀ ਸਿੱਖਿਆ ਪ੍ਰਣਾਲੀ ਵੀ ਇਸੇ ਮਹਾਨ ਦਿਹਾੜੇ ਦੀ ਦੇਣ ਹੈ ਕਿਉਂਕਿ ਗੁਰਬਾਣੀ ਦਾ ਫੁਰਮਾਨ ਹੈ "ਵਿੱਦਿਆ ਵਿਚਾਰੀ ਤਾਂ ਪਰਉਪਕਾਰੀ" ਇਹ ਹੁਣ ਮਨੁੱਖ ਨੇ ਵੇਖਣਾ ਹੈ ਕਿ ਉਸਦਾ ਭਲਾ ਕਿਧਰਲੇ ਪਾਸੇ ਹੈ। ਚਾਹੇ ਉਹ ਪੜ੍ਹ-ਲਿਖ ਕੇ ਐਟਮਬੰਬ ਬਣਾ ਲਵੇ, ਚਾਹੇ ਲੋਕ ਹਿਤੈਸ਼ੀ ਯੋਜਨਾਵਾਂ। ਕੀ ਖਾਲਸਾ ਪੰਥ ਦੀ ਸਿਰਜਣਾ ਕਰਨ ਵਾਲੇ ਨੇ ਹਿੰਦੁਸਤਾਨ ਦੇ ਗਲੋਂ ਗੁਲਾਮੀ ਦਾ ਜੂਲ੍ਹਾ ਲਾਹੁਣ ਲਈ ਪਰਿਵਾਰ ਨਹੀਂ ਸੀ ਵਾਰਿਆ। ਖਾਲਸਾ ਪੰਥ ਦੀ ਸਿਰਜਣਾ ਥਿਊਰੀ ਨਹੀਂ ਸਗੋਂ ਪ੍ਰਯੋਗ ਹੈ। ਥਿਊਰੀਆਂ ਨਾਲ ਤਾਂ ਅਨੇਕਾਂ ਧਾਰਮਿਕ ਗ੍ਰੰਥ ਭਰੇ ਪਏ ਹਨ। ਇਹ ਨਵੇਂ ਯੁੱਗ ਦਾ ਧਰਮ ਹੈ। ਸੰਸਾਰ ਵਿਆਪੀ ਧਰਮ ਹੈ ਇਸ ਲਈ 300 ਸਾਲ ਤਾਂ ਕੀ, ਜਦੋਂ ਤੱਕ ਮਨੁੱਖ ਇਸ ਧਰਤੀ ਤੇ ਰਹੇਗਾ ਖਾਲਸੇ ਦਾ ਜਨਮ ਦਿਹਾੜਾ ਮਨਾਇਆ ਜਾਂਦਾ ਰਹੇਗਾ। ਮੁੜ ਮੁੜ ਕੇ ਮਨੁੱਖ ਆਪਣੇ ਗੌਰਵ ਲਈ ਸਭਿਆਚਾਰਕ ਵਿਰਸੇ ਨੂੰ ਆਪਣੇ ਸੰਗ ਤੁਰਦਾ ਵੇਖਿਆ ਕਰੇਗਾ।

ਅਖਬਾਰ, ਰਸਾਲੇ ਅਤੇ ਵਿਦਵਾਨ ਪੁਰਸ਼ ਪਿਛਲੇ ਕਾਫੀ ਸਮੇਂ ਤੋਂ 300 ਸਾਲਾ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਆ ਰਹੇ ਹਨ। ਵਧੀਆ ਪ੍ਰਚਾਰ ਸੀ ਉਹਨਾਂ ਸਾਰਿਆਂ ਦਾ। ਇਸ ਤੋਂ ਇਲਾਵਾ ਰਾਜਨੀਤਿਕ ਪਾਰਟੀਆਂ, ਵੱਖ-ਵੱਖ ਧਰਮਾਂ ਵਾਲਿਆਂ ਨੇ ਇਸ ਦੇ ਪ੍ਰਚਾਰ ਲਈ ਬਹੁਤ ਸ਼ਲਾਘਾਯੋਗ ਉੱਦਮ ਕੀਤਾ।

ਇਹ ਸਾਡਾ ਆਪਣਾ ਵੀ ਸਭ ਦਾ ਫਰਜ਼ ਬਣਦਾ ਹੈ ਕਿ ਖਾਲਸੇ ਦੀ 300 ਸਾਲਾ ਜਨਮ ਸ਼ਤਾਬਦੀ ਮੌਕੇ ਆਦਰਸ਼ ਮਨੁੱਖ ਦੇ ਗੁਣਾਂ ਨੂੰ ਆਪਣੀ ਜੀਵਨ ਜਾਚ ਦਾ ਹਿੱਸਾ ਬਣਾਈਏ। ਨਹੀਂ ਤਾਂ ਅਜਿਹੀਆਂ ਸ਼ਤਾਬਦੀਆਂ ਮਨਾਉਣ ਦਾ ਕੋਈ ਮਹੱਤਵ ਨਹੀਂ ਰਹਿ ਜਾਵੇਗਾ। ■

*With compliments from*

CONTROL

**EXCEL ENTERPRISES**

**THE CONTROL GROUP**

**Stockists**

- Telemecanique & Controls (I) Ltd.
- WAGO & Controls (India) Ltd.
- Raas Controls

301-302, Dynamic Centre
Zone-I, M.P. Nagar, Bhopal - 462 011
Ph.: 0755 - 763144 Fax: 0755 - 763144, 270150

*With compliments from*

**Tejinder Singh**
Director

giggles
a house of entertainment

Events • Launches • Entertainment Shows • Celebrity Management

# 1620 / 1, Sector 40-B,
Chandigarh Phone : 691047
Fax : +91 - 172 - 691284

# ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ

ਬਬਲੀ ਐਸ. ਸਿੰਘ *

ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ-

**ਮੂਹੌ ਕਿ ਬੋਲਣ ਬੋਲੀਐ**
**ਜਿਤ ਸੁਣਿ ਧਰੇ ਪਿਆਰੁ**

ਤੇ ਗੁਰੂ ਅਮਰਦਾਸ ਜੀ ਕਹਿੰਦੇ ਹਨ-

**ਗੁਰਮੁਖਿ ਸਦਾ ਸੋਹਾਗਣੀ**
**ਪਿਰੁ ਰਾਖਿਆ ਉਰਧਾਰਿ**
**ਮਿਠਾ ਬੋਲਹਿ ਨਿਵਿ ਚਲਹਿ**
**ਸੇਜੈ ਰਵੈ ਭਤਾਰੁ**

(ਪੰਨਾ 31)

ਉੱਚੇ ਤੇ ਸੁੱਚੇ ਪ੍ਰਭੂ ਪਿਆਰਿਆਂ ਦੀ ਇਹੀ ਨਿਸ਼ਾਨੀ ਹੈ ਉਹ ਸਦਾ ਮਿੱਠਾ ਬੋਲਦੇ ਹਨ। ਉਨਾਂ ਦਾ ਹਰ ਬੋਲ ਨਿਮਰਤਾ ਭਰਿਆ ਹੁੰਦਾ ਹੈ। ਸੁਣ ਕੇ ਮਨ ਨੂੰ ਸ਼ਾਤੀ ਮਿਲਦੀ ਹੈ ਤੇ ਬਾਰ ਬਾਰ ਉਨ੍ਹਾਂ ਨੂੰ ਸੁਣਨ ਤੇ ਦਿਲ ਕਰਦਾ ਹੈ। ਨਿਮਰਤਾ ਤੇ ਮਿਠਾਸ ਭਰੇ ਦੈਵੀ ਗੁਣ ਹੀ ਉਨਾਂ ਨੂੰ ਅਕਾਲ ਪੁਰਖ ਦੇ ਪਿਆਰੇ ਬਣਾਂਦੇ ਹਨ। ਕੁਰਖਤ, ਰੁੱਖੇ ਕੌੜੇ ਬੋਲ ਕਰੂਪਤਾ ਜਾਹਰ ਕਰਦੇ ਪ੍ਰਤੀਕ ਹਨ।

ਗੁਰਬਾਣੀ ਵਿਚ ਬਹੁਤ ਸਾਰੇ ਸ਼ਬਦ ਸਾਨੂੰ ਇਹੀ ਸਿੱਖਿਆ ਦਿੰਦੇ ਹਨ। ਪ੍ਰਭੂ ਨੇ ਬੜੀ ਹੀ ਪਵਿਤ੍ਰ ਰਚਨਾ ਦਿੱਤੀ ਹੈ। ਇਸ ਜੀਭ ਨਾਲ ਅਸੀਂ ਉਸਦਾ ਨਾਮ ਜਪਦੇ ਹਾਂ ਤੇ ਪਵਿਤ੍ਰ ਜੀਭ ਤੇ ਅਪਵਿਤ੍ਰ ਬੋਲਾਂ ਦਾ ਕੀ ਕੰਮ। ਜਿਸ ਤਰ੍ਹਾਂ *"ਹਉਮੈ ਨਾਵੈ ਨਾਲਿ ਵਿਰੋਧ ਹੈ ਦੋਇ ਨਾ ਵਸਹਿ ਇਕ ਠਾਇ"*। ਉਸੇ ਤਰ੍ਹਾਂ ਕੌੜੇ ਜਾਂ ਫਿੱਕੇ ਬੋਲ ਬੋਲਣ ਵਾਲੀ ਜੀਭ ਤੇ ਪ੍ਰਭੂ ਦਾ ਨਾਮ ਨਹੀਂ ਰਹਿ ਸਕਦਾ। ਫਿੱਕੇ ਬੋਲਾਂ ਨੇ ਤਾਂ ਤਨ ਮਨ ਫਿੱਕਾ ਕਰ ਦਿੱਤਾ, ਹੁਣ ਪ੍ਰਭੂ ਦਾ ਨਾਮ ਜਾਂ ਪਵਿਤ੍ਰਤਾ ਕਿਸ ਤਰ੍ਹਾਂ ਸਮਾਏ।

**ਨਾਨਕ ਫਿਕੈ ਬੋਲਿਐ**
**ਤਨ ਮਨ ਫਿਕਾ ਹੋਇ**

(ਪੰਨਾ 473)

ਜੇਕਰ ਅਸੀਂ ਫਿੱਕਾ ਬੋਲਦੇ ਹਾਂ ਮਾੜਾ ਬੋਲਦੇ ਹਾਂ ਤਾ ਦੂਜਿਆਂ ਦੀਆਂ ਨਜ਼ਰਾਂ ਵਿਚ ਤਾਂ ਗਿਰਦੇ ਹਾਂ, ਆਪਣੀਆਂ ਨਜ਼ਰਾਂ ਵਿਚ ਵੀ ਗਿਰ ਜਾਂਦੇ ਹਾਂ। ਮਾੜੇ ਬੋਲ ਸੁਣਨ ਵਾਲੇ ਨੂੰ ਤਾਂ ਮਾੜੇ ਲਗਣਗੇ ਹੀ ਉਸਦਾ ਮਨ ਤਾਂ ਦੁਖੇਗਾ ਹੀ ਅਪਣਾ ਮਨ ਵੀ ਕਲਪੇਗਾ ਪ੍ਰੇਸ਼ਾਨ ਹੋਏਗਾ। ਪਰ ਮਨੁੱਖ ਵਿਚ, ਜੀਵ ਆਤਮਾ ਵਿਚ ਪ੍ਰਮਾਤਮਾ ਆਪ ਵਸ ਰਿਹਾ ਹੈ ਸੋ ਜੋ ਮਾੜੇ ਬੋਲ ਕਹੇ ਉਹ ਪ੍ਰਭੂ ਪ੍ਰਮਾਤਮਾ ਨੂੰ ਹੀ ਕਹੇ। ਸੋ ਤੇ ਉਸ ਦਾਤੇ ਨੂੰ ਮਾੜੇ ਬੋਲ ਕਹਿ ਕੇ ਮਨ ਸੁਖੀ ਕਿਵੇਂ ਰਹੇਗਾ! ਦੁਖੀ ਹੋਏਗਾ ਕਲਪੇਗਾ ਹੀ।

**ਜਿਤ ਬੋਲਿਐ ਪਤਿ ਪਾਈਐ**
**ਸੋ ਬੋਲਿਆ ਪਰਵਾਣੁ।**
**ਫਿਕਾ ਬੋਲਿ ਵਿਗੁਚਣਾ**
**ਸੁਣਿ ਮੂਰਖ ਅਜਾਣ।**

ਸਿਰੀ ਰਾਗ ਮਹਲਾ 2 (ਪੰਨਾ 15)

ਫਿੱਕਾ ਬੋਲ ਬੋਲਣ ਵਾਲੇ ਨੂੰ ਕੋਈ ਵੀ ਸੁਣਨਾ ਨਹੀਂ ਚਾਹੁੰਦਾ। ਕੋਈ ਉਸਦੇ ਨੇੜੇ ਨਹੀਂ ਬੈਠਣਾ ਚਾਹੁੰਦਾ। ਕੌਣ ਫਿੱਕੇ ਬੋਲ ਸੁਣਕੇ ਆਪਣਾ ਮਨ ਮੈਲਾ ਕਰੇ। ਫਿੱਕਾ ਬੋਲਣ ਵਾਲੇ ਨੂੰ ਕੋਈ ਨਹੀਂ ਪੁੱਛਦਾ, ਕੋਈ ਇੱਜਤ ਨਹੀਂ ਦਿੰਦਾ।

**ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ।**
**ਕੂੜੁ ਬੋਲਿ ਬਿਖੁ ਖਾਵਣਿਆ।**

(ਪੰਨਾ 120)

ਤੇ ਫਿਰ ਐਸੇ ਮਨੁੱਖ ਕੀ ਕਮਾਂਦੇ ਹਨ-

**ਆਪਿ ਡੂਬੇ ਸਮਲੇ ਕੁਲ ਡੋਬੇ**
**ਕੂੜ ਬੋਲਿ ਬਿਖੁ ਖਾਵਣਿਆ**

(ਪੰਨਾ 123)

ਕੂੜ ਬੋਲਣ ਵਾਲੇ ਮਨੁੱਖ ਹਰ ਜਗ੍ਹਾ ਮੂੰਹੋਂ ਬਿਖੁ ਸੁਟਦੇ ਹਨ ਤੇ ਸਾਰਾ ਆਲਾ ਦੁਆਲਾ ਸਾਰਾ ਵਾਤਾਵਰਣ ਵੀ ਜ਼ਹਿਰੀਲਾ ਕਰ ਦਿੰਦੇ ਹਨ। ਉਨ੍ਹਾਂ ਦੇ ਨੇੜੇ ਕੋਈ ਨਹੀਂ ਬੈਠਣਾ ਚਾਹੁੰਦਾ। ਸਭ ਉਨ੍ਹਾਂ ਨੂੰ ਤਿਰਸਕਾਰਦੇ ਹਨ। ਉਹ ਆਪਣੀ ਹੀ ਨਹੀਂ ਸਾਰੀ ਕੁਲ ਦੀ ਬੇਇੱਜ਼ਤੀ

* 35/1ਬੀ ਮਾਡਲ ਗਰਾਮ, ਲੁਧਿਆਣਾ

ਕਰਾਂਦੇ ਹਨ।

ਜਿਹੜੇ ਇਨਸਾਨ ਮਿੱਠਾ ਨਹੀਂ ਬੋਲਦੇ ਨਿਮਰਤਾ ਨਹੀਂ ਅਖਤਿਆਰ ਕਰ ਸਕਦੇ, ਗੁਰੂ ਮਹਾਰਾਜ ਨੇ ਉਨ੍ਹਾਂ ਲਈ ਫੁਰਮਾਇਆ ਹੈ-

**ਦੋਹਾਗਣੀ ਮਹਲੁ ਨ ਪਾਇਨੀ**
**ਨ ਜਾਣਨਿ ਪਿਰ ਕਾ ਸੁਆਉ**
**ਫਿਕਾ ਬੋਲਹਿ ਨਾ ਨਿਵਹਿ**
**ਦੂਜਾ ਭਾਉ ਸੁਆਉ।**

ਆਸਾ ਮਹਲਾ 3 (ਪੰਨਾ 426)

ਫਿਰ ਕਿਉਂ ਮਾੜਾ ਬੋਲੀਏ। ਕਿਉਂ ਨਾ ਮਿੱਠੇ ਨਿਮਰਤਾ ਭਰੇ ਬੋਲ ਬੋਲੀਏ। ਜਿਸ ਨਾਲ ਇਥੇ ਦੁਨੀਆਂ ਵਿਚ ਵੀ ਇਜ਼ਤ ਮਾਣ ਤੇ ਪਿਆਰ ਮਿਲੇ ਤੇ ਅਗੋਂ ਵੀ ਸੁਹੇਲਾ ਹੋਏਂ। ਪ੍ਰਭੂ ਪਿਆਰ ਨਾਲ ਗਲ ਲਾਵੇ। ਕਿਉਂਕਿ-

ਜਾਇ ਪੁਛਹੁ ਸੋਹਾਗਣੀ
ਤੁਸੀ ਰਾਵਿਆ ਕਿਨੀ ਗੁਣੀ,
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ।

(ਪੰਨਾ 17)

ਪ੍ਰਭੂ ਨੂੰ ਪਾਣ ਲਈ, ਉਸਦੀ ਨਦਰਿ, ਉਸਦੀ ਮਿਹਰ ਲੈਣ ਲਈ ਉਸਦੇ ਪਿਆਰੇ ਬਣਨ ਲਈ ਕਿਸੇ ਦੁਨਿਆਵੀ ਝੂਠੇ ਹਾਰ ਸਿੰਗਾਰ ਦੀ ਲੜ ਨਹੀਂ ਸੁਭਾਅ ਦੀ ਮਿਠਾਸ ਨਿਮਰਤਾ ਚੇਹਰੇ ਤੋਂ ਨਜਰ ਆਉਂਦੀ ਹੈ ਤੇ ਮਨ ਦੀ ਸੁੰਦਰਤਾ, ਤਨ ਦੀ ਸੁੰਦਰਤਾ ਨੂੰ ਵਧਾ ਦਿੰਦੀ ਹੈ-

**ਮਤ ਜਾਣ ਸਹਿ ਗਲੀ ਪਾਇਆ।**
**ਮਾਲ ਕੈ ਮਾਣੈ, ਰੂਪ ਕੀ ਸੋਭਾ**
**ਇਤੁ ਬਿਧੀ ਜਨਮ ਗਵਾਇਆ।**

ਸਗੋਂ ਸਾਨੂੰ ਸੁੰਦਰ ਗੁਣਾਂ ਦਾ ਸ਼ਿੰਗਾਰ ਕਰਨਾ ਚਾਹੀਦਾ ਹੈ।

**ਐਸਾ ਸੀਗਾਰ ਬਣਾਇ ਤੂ**
**ਮੈਲਾ ਕਦੇ ਨ ਹੋਵਇ ਅਹਿਨਿਸ ਲਾਗੈ ਭਾਉ।**
**ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ**
**ਅੰਦਰਿ ਸਚੁ ਮੁਖੁ ਉਜਲਾ**
**ਖਸਮੈ ਮਾਹਿ ਸਮਾਇ।**

ਸਲੋਕ ਮਹਲਾ 3 (ਪੰਨਾ 785)

ਉਜਲੇ ਮੁਖ ਕਿਸਦੇ ਹੁੰਦੇ ਹਨ ਜੋ ਨਿਮਰ, ਸਚੇ ਤੇ ਮਿੱਠੇ ਹੁੰਦੇ ਹਨ। ਕਿਉਂਕਿ ਉਹ ਪ੍ਰਭੂ ਆਪ ਬੜਾ ਹੀ ਮਿੱਠਾ ਹੈ। ਉਹ ਕਦੀ ਕੌੜਾ ਨਹੀਂ ਬੋਲਦਾ। ਉਸਦਾ ਪਿਆਰ ਉਸਦੀ ਮਿਹਰ ਸਭ ਲਈ ਇਕੋ ਜਿਹੀ ਵਰਸ ਰਹੀ ਹੈ ਇਹ ਤਾਂ ਸਾਡੇ ਕਰਮ ਹਨ, ਸਾਨੂੰ ਲੈਣਾ ਹੀ ਨਹੀਂ ਆਂਦਾ ਉਸਦਾ ਪਿਆਰ, ਉਸਦੀ ਮਿਹਰ। ਸਾਡੇ ਕਰਮਾਂ ਅਨੁਸਾਰ ਸਾਨੂੰ ਸਭ ਕੁਝ ਮਿਲਦਾ ਹੈ।

ਮਿਠ ਬੋਲੜਾ ਜੀ ਹਰਿ
ਸਜਣੁ ਸੁਆਮੀ ਮੋਰਾ
ਹਉ ਸੰਮਲਿ ਥਕੀ ਜੀ
ਉਹੁ ਕਦੇ ਨ ਬੋਲੈ ਕਉੜਾ

(ਪੰਨਾ 784)

ਸੋ ਆਓ ਕੋਸ਼ਿਸ਼ ਕਰੀਏ-

**ਨਿਵਣਿ ਸੁ ਅਖਰ ਖਵਣ ਗੁਣ**
**ਜਿਹਬਾ ਮਣੀਆ ਮੰਤੁ**
**ਇਹ ਤ੍ਰੈ ਭੈਣੇ ਵੇਸੁ ਕਰ**
**ਤਾ ਵਸ ਆਵਈ ਕੰਤੁ।** ■


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ**

(ਪੰਦਰਵਾੜਾ)
2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ - 8
ਫੋਨ : 5707096

**THE SIKH REVIEW**
(A Monthly Magazine)

116, Karnani Mansion
25-A, Park Street, Calcutta

# ਨਾਮ ਕੀ ਹੈ?

**(ਜਮਸ਼ੇਦਪੁਰ ਤੇ ਕਲਕੱਤੇ ਦੇ ਸਤਿਸੰਗ ਸਮਾਗਮਾਂ ਅੰਦਰ ਪ੍ਰਾਪਤ ਕਿਰਪਾ ਦੇ ਆਧਾਰ ਤੇ ਨਾਮ ਦੀਆਂ ਕੁਝ ਨਿਸ਼ਾਨੀਆਂ)**

**ਰਮੇਸ਼ ਸਿੰਘ***

1. ਕੇਵਲ ਮੂੰਹੋਂ ਵਾਹਿਗੁਰੂ-ਵਾਹਿਗੁਰੂ ਕਹੀ ਜਾਣਾ ਨਾਮ ਸਿਮਰਨ ਨਹੀਂ। ਹਿਰਦੇ ਵਿਚ ਪ੍ਰਭੂ ਦਾ ਪਿਆਰ, ਮਨ ਵਿਚ ਪ੍ਰਭੂ ਦੀ ਯਾਦ, ਉਸਦੀ ਬਿਅੰਤ ਵਡਿਆਈ ਦੇ ਨਾਲ-ਨਾਲ ਆਪਣੇ ਬਿਅੰਤ ਅਉਗਣਾਂ ਦਾ ਅਹਿਸਾਸ ਇਸ ਮਾਨਸਿਕ ਅਵਸਥਾ ਅੰਦਰ ਰਸਨਾ ਤੋਂ ਵਾਹਿਗੁਰੂ ਨਿਕਲੇ ਤੇ ਵਾਰ-ਵਾਰ ਕਹਿਣ ਨੂੰ ਜੀਅ ਕਰੇ, ਇਹ ਨਾਮ ਸਿਮਰਨ ਹੈ।

2. ਨਿਰੰਤਰ ਪ੍ਰਭੂ ਦੀ ਯਾਦ ਤੇ ਪ੍ਰਭੂ ਦੀ ਹਜ਼ੂਰੀ ਵਿਚ ਰਹਿਣਾ, ਇਹ ਨਾਮ ਹੈ।

3. ਅੰਮ੍ਰਿਤ ਵੇਲਾ ਉਦੋਂ ਛੁਟੇ ਜਦੋਂ ਸਾਹ ਮੁੱਕੇ, ਇਹ ਨਾਮ ਹੈ।

4. ਪ੍ਰਭੂ/ਗੁਰੂ ਨੂੰ ਅਪਣੀ ਜਿੰਦਗੀ ਵਿਚ ਸਭ ਤੋਂ ਉਪਰ ਮੰਨਣਾ ਇਹ ਨਾਮ ਹੈ।

5. ਪ੍ਰਭੂ/ਗੁਰੂ ਦੇ ਸਿਵਾਇ, ਹੋਰ ਕਿਸੇ ਤੇ ਆਸਰਾ ਨਾ ਰੱਖਣਾ, ਹੋਰ ਕਿਸੇ ਦੀ ਓਟ ਨਾ ਲੈਣੀ, ਹੋਰ ਕਿਸੇ ਨਾਲ ਧੜਾ ਨਾ ਕਰਨਾ, ਇਹ ਨਾਮ ਹੈ।

6. ਸਿਵਾਇ ਨਾਮ ਦੇ ਹੋਰ ਕਿਸੇ ਵੀ ਦੁਨਿਆਵੀ ਚੀਜ ਦੀ ਆਸ ਨਹੀਂ ਰਖਣੀ, ਮੰਗ ਨਹੀਂ ਕਰਨੀ, ਇਹ ਨਾਮ ਹੈ।

7. ਹਰ ਹਾਲ ਵਿਚ ਭਾਣਾ ਮਿੱਠਾ ਕਰਕੇ ਮੰਨਣਾ-ਭਾਵੇਂ ਇਕਲੌਤਾ ਜੁਆਨ ਪੁੱਤ੍ਰ ਮਰ ਜਾਏ, ਸਭ ਕੁਝ ਸੜ ਜਾਏ, ਸਭ ਕੁਝ ਰੁੜ ਜਾਏ, ਸੁਆਹ ਹੋ ਜਾਏ ਤੇ ਸ਼ਿਕਾਇਤ ਨਹੀਂ ਕਰਨੀ, ਇਹ ਨਾਮ ਹੈ।

8. ਹਰ ਵਕਤ ਤੇ ਹਰ ਹਾਲ ਵਿਚ ਪ੍ਰਭੂ ਦਾ ਸ਼ੁਕਰ ਕਰਨਾ, ਇਹ ਨਾਮ ਹੈ।

9. ਕਿਸੇ ਨਾਲ ਵੀ ਮੋਹ ਨਹੀਂ ਕਰਨਾ, ਇਹ ਨਾਮ ਹੈ।

10. ਸਾਰੀ ਦੁਨੀਆਂ ਨਾਲ ਪਿਆਰ ਕਰਨਾ ਤੇ ਸਭ ਨੂੰ ਅਪਣਾ ਸਮਝਣਾ, ਇਹ ਨਾਮ ਹੈ।

11. ਗੁਰੂ ਹੁਕਮਾਂ ਦੀ ਬੰਦਸ਼ ਅੰਦਰ ਰਹਿ ਕੇ ਜੀਵਨ ਬਿਤਾਣਾ, ਇਹ ਨਾਮ ਹੈ।

12. ਚਿੰਤਾ ਨਹੀਂ ਕਰਨੀ, ਕਿਸੇ ਵੀ ਗਲ ਦਾ ਦੁੱਖ ਨਹੀਂ ਮੰਨਾਉਣਾ, ਇਹ ਨਾਮ ਹੈ।

13. ਬਦਲੇ ਨਹੀਂ ਲੈਣੇ, ਇਹ ਨਾਮ ਹੈ।

14. ਪੰਜਾਂ ਚੋਰਾਂ ਤੋਂ ਬਚਣ ਲਈ ਹਰ ਵੇਲੇ ਅਰਦਾਸ ਕਰਨੀ, ਇਹ ਨਾਮ ਹੈ।

15. ਆਪਣੇ ਆਪ ਨੂੰ ਸਭ ਤੋ ਨੀਵਾਂ ਸਮਝਣਾ ਤੇ ਸਭ ਦੀ ਚਰਨ ਧੂੜ ਬਣਨਾ, ਇਹ ਨਾਮ ਹੈ।

16. ਨਿੰਦਾ-ਚੁਗਲੀ ਕਿਸੇ ਦੀ ਨਹੀਂ ਕਰਨੀ, ਭਾਵੇਂ ਕੋਈ ਕਿਤਨਾ ਵੀ ਭੈੜਾ ਹੋਵੇ, ਇਹ ਨਾਮ ਹੈ।

17. ਸਭ ਨੂੰ ਮੁਆਫ ਕਰਨਾ, ਇਹ ਨਾਮ ਹੈ।

18. ਕਰੋਧ ਤੋਂ ਦੂਰ ਰਹਿਣਾ, ਇਹ ਨਾਮ ਹੈ।

19. ਗੁੱਸਾ ਨਹੀਂ ਕਰਨਾ (expect where it is a part of one's duty. ਪਰ ਇਹ ਵੀ ਮਨ ਵਿਚ ਨਹੀਂ ਰੱਖਣਾ) ਇਹ ਨਾਮ ਹੈ।/ਸਿਵਾਇ ਆਪਣੇ ਆਪ ਤੇ।

20. ਕਿਸੇ ਨਾਲ ਵੀ ਵੈਰ ਨਹੀਂ ਕਰਨਾ ਤੇ ਬੁਰੇ ਦਾ ਵੀ ਭਲਾ ਕਰਨਾ, ਇਹ ਨਾਮ ਹੈ।

21. ਆਪਣੇ ਅਉਗਣਾਂ ਤੇ ਹਰ ਵੇਲੇ ਨਜਰ ਰਖਣੀ ਤੇ ਦੂਜਿਆਂ ਦੇ ਅਉਗਣਾਂ ਵਲ ਕਦੇ ਨਾ ਤੱਕਣਾ, ਇਹ ਨਾਮ ਹੈ।

22. ਲੋਕਪਚਾਰਾ, ਲੋਕਲਾਜ ਤੇ ਲੋਕਰੀਤਾਂ ਤੋਂ ਉਪਰ ਉਠ, ਗੁਰੂ ਦੇ ਹੁਕਮਾਂ ਤੇ ਜੀਣਾਂ, ਇਹ ਨਾਮ ਹੈ।

23. ਵਪਾਰ ਵਿਚ ਸੱਚਾ ਸੌਦਾ ਕਰਨਾ, ਇਹ ਨਾਮ ਹੈ।

24. ਨੌਕਰੀ ਵਿਚ ਪੂਰੀ ਇਮਾਨਦਾਰੀ ਤੇ ਪੂਰੀ, ਲਿਆਕਤ ਨਾਲ (to the best of one's ability) ਕੰਮ ਕਰਨਾ, ਇਹ ਨਾਮ ਹੈ।

25. ਪ੍ਰਾਈ ਇਸਤ੍ਰੀ, ਪਰਾਏ ਪੁਰਸ਼ ਵਲ ਮੈਲੀ ਨਜਰ ਨਾ ਰਖਣਾ, ਇਹ ਨਾਮ ਹੈ।

26. ਮੌਤ ਨਾਲ ਹਰ ਵੇਲੇ ਯਾਰੀ ਪਾ ਕੇ ਰਖਣੀ, ਇਹ ਨਾਮ ਹੈ।

27. ਕਦੇ ਬਹਿਸ ਨਹੀਂ ਕਰਨੀ, ਠੀਕ ਹੁੰਦਿਆਂ ਹੋਇਆਂ ਵੀ, ਬਹਿਸ ਹੋਣ ਲਗੇ ਤਾਂ ਆਪਣੀ

*16, Kasiaih East, Road No. 1, Sakchi, Jamshedpur-831 001 (Bihar)

ਹਾਰ ਮੰਨ ਕੇ ਉਠ ਜਾਣਾ, ਇਹ ਨਾਮ ਹੈ।

28. ਰਿਸ਼ਤਾ ਕੋਈ ਵੀ ਹੋਵੇ (including husband-wife) ਸਭ ਨਾਲ ਕੇਵਲ ਗੁਰੂ/ਪ੍ਰਭੂ ਪਿਆਰ ਵਾਲੀ ਯਾਰੀ ਪਾਉਣੀ, ਇਹ ਨਾਮ ਹੈ।

29. ਸਾਰੀ ਲੁਕਾਈ ਅੰਦਰ ਇਕੋ ਪ੍ਰਭੂ ਦੀ ਜੋਤ ਵੇਖਣੀ, ਇਹ ਨਾਮ ਹੈ।

30. ਕਿਸੇ ਉਦਾਸ ਤੇ ਦੁਖੀ ਹਿਰਦੇ ਨੂੰ ਗੁਰਉਪਦੇਸਾਂ ਰਾਹੀਂ ਖ਼ੁਸ਼ ਕਰ ਦੇਣਾ, ਇਹ ਨਾਮ ਹੈ।

31. ਜਿਥੇ ਕਿਤੇ ਵੀ ਘਿਰਣਾ ਹੋਵੇ, ਉਥੇ ਪਿਆਰ ਪੈਦਾ ਕਰਨਾ, ਇਹ ਨਾਮ ਹੈ।

32. ਕਿਸੇ ਜ਼ਖਮੀ ਹਿਰਦੇ ਨੂੰ, ਗੁਰੂ ਸਿਖਿਆ ਰਾਹੀਂ ਮੁਆਫ ਕਰਨ ਲਈ ਪ੍ਰੇਰਣਾ, ਇਹ ਨਾਮ ਹੈ।

33. ਜਿਸ ਹਿਰਦੇ ਅੰਦਰ ਹਨੇਰਾ ਹੋਵੇ, ਪ੍ਰਭੂ ਦੀ ਗਲ ਸਮਝਾ ਕੇ, ਦੀਵਾ ਜਗਾ ਦੇਣਾ, ਇਹ ਨਾਮ ਹੈ।

34. ਭਰਮ ਭੁਲੇਖਿਆਂ ਵਿਚ ਪਏ ਲੋਕਾਂ ਅੰਦਰ ਸਿਦਕ ਪੈਦਾ ਕਰਨਾ, ਇਹ ਨਾਮ ਹੈ।

35. ਜਿਥੇ ਵੀ ਨਿਰਾਸ਼ਾ ਹੋਵੇ, ਪ੍ਰਭੂ ਦੀ ਗੱਲ ਸਮਝਾ ਕੇ ਆਸ (hope) ਪੈਦਾ ਕਰਨੀ, ਇਹ ਨਾਮ ਹੈ।

36. ਮਾਇਆ ਵਿਚ ਰਹਿੰਦਿਆਂ ਉਸ ਤੋਂ ਉਦਾਸ ਰਹਿਣਾ, ਇਹ ਨਾਮ ਹੈ।

37. ਪ੍ਰਭੂ ਦੀ ਯਾਦ ਅੰਦਰ ਤੇ ਉਸ ਦੇ ਸ਼ੁਕਰਾਨੇ ਅੰਦਰ ਸੇਵਾ ਕਰਨੀ, ਇਹ ਨਾਮ ਹੈ।

38. ਪ੍ਰਭੂ ਦੇ ਪਿਆਰ ਅੰਦਰ ਹਰ ਵੇਲੇ ਲੋੜਵੰਦਾਂ ਦੀ ਸੇਵਾ ਕਰਨ ਦਾ ਚਾਅ, ਇਹ ਨਾਮ ਹੈ।

39. ਪ੍ਰਭੂ ਲਈ ਪਿਆਰ ਵਾਲੀ ਭਗਤੀ, ਇਹ ਨਾਮ ਹੈ।

40. ਆਪਣੇ ਗੁਰੂ ਤੇ ਮਾਣ ਕਰਦਿਆਂ, ਆਪਣੇ ਧਰਮ ਵਿਚ ਪੂਰੀ ਤਰ੍ਹਾਂ ਪਰਪੱਕ ਰਹਿਣਾ, ਪਰ ਬਾਕੀ ਧਰਮਾਂ ਦਾ ਪੂਰਾ ਸਤਿਕਾਰ ਕਰਨਾ-ਇਹ ਮੰਨਦਿਆਂ ਕਿ ਸਾਰੇ ਧਰਮ ਇਕੋ ਹਨ-ਇਹ ਨਾਮ ਹੈ।

41. ਸਾਰੇ ਧਰਮ ਅਸਥਾਨ ਇਕੋ ਜਿਹੇ ਹਨ ਵਾਲੀ ਭਾਵਨਾ ਰੱਖਣੀ, ਇਹ ਨਾਮ ਹੈ।

42. ਪੂਰੀ ਇਮਾਨਦਾਰੀ ਨਾਲ ਦਸਵੰਧ ਕੱਢਣਾ ਤੇ ਗੁਰੂ ਦੀ ਗੋਲਕ (ਗਰੀਬ ਦੇ ਮੂੰਹ) ਵਿਚ ਪਾਉਣਾ, ਇਹ ਨਾਮ ਹੈ।

43. ਮਿੱਠਾ ਬੋਲਣਾ, ਨਿਮਰਤਾ ਧਾਰਣ ਕਰਨੀ ਤੇ ਸਤਿ, ਸੰਤੋਖ, ਦਇਆ, ਧਰਮ ਦਾ ਸਿੰਗਾਰ ਕਰਨਾ, ਇਹ ਨਾਮ ਹੈ।

44. ਆਕੜ ਕਦੇ ਨਹੀਂ ਕਰਨੀ, ਮਾਣ ਹੁੰਦੇ ਹੋਏ ਨਿਮਾਣਾ ਬਣ ਕੇ ਰਹਿਣਾ, ਇਹ ਨਾਮ ਹੈ।

45. ਹਰ ਵੇਲੇ ਪ੍ਰਭੂ ਪਿਆਰਿਆਂ ਦੀ ਸੰਗਤ ਲੋਚਣੀ ਤੇ ਐਸੇ ਪਿਆਰਿਆਂ ਨਾਲ ਬੈਠ ਕੇ ਕੇਵਲ ਹਰਿ ਕੀਆਂ ਕਥਾ ਕਹਾਣੀਆਂ ਕਰਨਾ, ਇਹ ਨਾਮ ਹੈ।

46. ਹਰ ਵੇਲੇ ਇਸ ਭਾਵ ਵਿਚ ਰਹਿਣਾ-ਮੋਹਿ ਨਾ ਬਿਸਾਰੋ ਮੈ ਜਨ ਤੇਰਾ, ਇਹ ਨਾਮ ਹੈ।

47. ਹਰ ਵੇਲੇ ਇਹ ਜੋਦੜੀ ਕਰਨੀ, ਜੇ ਤੂੰ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ, ਇਹ ਨਾਮ ਹੈ।

48. ਮਨ ਵਿਚ ਹਰ ਵੇਲੇ ਇਹ ਤਾਂਘ, ਹਉ ਰਹਿ ਨਾ ਸਕਾ ਬਿਨ ਦੇਖੇ ਪ੍ਰੀਤਮਾ, ਇਹ ਨਾਮ ਹੈ।

49. ਹਰ ਵੇਲੇ ਗੁਰੂ ਤੋਂ ਬਲਿਹਾਰ ਜਾਣ ਨੂੰ ਜੀ ਕਰੇ, ਇਹ ਨਾਮ ਹੈ।

50. ਹਰ ਵੇਲੇ ਅਪਣੀ ਜ਼ਿੰਦਗੀ ਦਾ ਮਕਸਦ-ਗੋਬਿੰਦ ਮਿਲਨ ਕੀ ਇਹ ਤੇਰੀ ਬਰੀਆ-ਯਾਦ ਰੱਖਣਾ ਤੇ ਉਸ ਮਕਸਦ ਦੀ ਪੂਰਤੀ ਲਈ ਕੋਸ਼ਿਸ਼ ਤੇ ਅਰਦਾਸ ਕਰਨੀ, ਇਹ ਨਾਮ ਹੈ।

ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ।


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੇਨਸ਼ਨ,
ਲੁਧਿਆਣਾ - 141 002

# Congregation (Sangat) and Hymnal Music (Kirtan) in the perspective of Sikhism

Dr. Jagir Singh *

Congregation and Hymnal Music (hereafter referred to as Sangat and Kirtan respectively) are complimentary to each other in Sikh religion. Kirtan is performed in Sangat and Sangat gathers together to listen to the Kirtan. Many substitutes are given for Sangat in the Gurbani (Hymns uttered by the sikh Gurus and Saints) as Sangat of sainty people, Sangat of truth, Sangat of Sadhus and Sangat of people probe into truth the ultimate reality. In the man made society, Sangat is an embodiment of an idealistic society. In this Sangat all members are treated at par; nobody is high or low. The one imbued in reverence can wait upon the holy Guru Granth. Only that person who is well-versed in Music can perform Kirtan. Anyone who participates in such Sangat as this can achieve salvation.

***" O Master of Maya, he who joined the Society of Saints***

***Swam across (the Sea of Life)."***

page - 10

The effect of the Sangat can reform the apostate (corrupt).

***" There are four castes and four stages of life,"***

***but he, who contemplates the Lord, the Supreme among men,***

***As the bitter Arinda plant abiding by the sweet-smelling Chandan tree becometh as fragrant as its neighbour***

***So doth the sinner associating with the Saints,***

***Becomes a Saint."*** page - 861

***" They (the humble and the lowly) are satiated only by Thy name***

***In the society of the holy their virtues shine forth."*** page - 10

***" That place is blessed where the Saints gather."*** page - 44

A place where there is a gathering of devotees is referred to as heaven by Sant Kabir ji.

***" Sayeth Kabir - To whom shall I say this O-Men,***

***That the Society of the Saints itself is the Lord's heavan."*** page - 325

Gurbani (sayings of the Gurus) goes to the extent of saying that God Himself is present among the Sangat.

***" God abideth in the Society of the Saints, and it is by associating with them that one knoweth the merits of God."***

page -1335

***" I join the Society of the Holy and know'its there that abideth my Lord, the God."***

page -94

Bhai Gurdas ji eulogizes human life because this alone gives him an opportunity to sit with other devotees and ponder over the Guru's words.

***" Human life is rare, redeem it by entrusting yourself to the Guru's care, concentrate on His words in the company of saints and ponder over the knowledge gained thereof."***

Signifying the importance of Sangat and Kirtan he says:

***" Surrender before such Sikhs of the Guru who can join prayer meetings***

***Surrender before such Sikhs of Guru who daily sing and listen to Gurbani."***

A study of the ancient scriptures reveals that the pious yearned to sit with other devotees and sing hymns. Relating the story of Raja Hari Chand and his consort, Taramati, Bhai Gurdas ji writes:

***" The comfort loving Raja Hari Chand and his wife Taramati, yearned***

***To join a prayer meeting at night to listen***

---

* 422, Sector: 15-A, Chandigarh 160 015

*to Gurbani being sung."*

Likewise when some pious guests visited Bhagat Sain's house, hymns were sung throughout the night.

*" The arrival of saintly guests resulted in night -long Kirtan."*

These instances not only clarify the eminence given to the Sangat but a special significance to Kirtan performed in its midst. From the times of Guru Nanak Dev ji, such institutions were formed where people would gather together and sing hymns. Describing Guru Nanak Dev ji's influence, Bhai Gurdas ji says:

*" Each house was like a holyplace (Dharamsala) which was always the abode of Kirtan. "*

Referring to Guru ji's stay at Sultanpur, the biography of the Saints states:

*" One who seeks union with the universal soul partakes of whatever he gets from his Guru and interprets the same every night by doing Kirtan."*

It is not necessary for the Sangat to consist of numerous people. On the other hand, it can be said that even two Sikhs can be called a Sangat. Bhai Mardana performed the role of the Sangat in the company of Guru Nanak Dev ji.

